ਸ਼ਨੀਵਾਰ, 21 ਮਾਰਚ, 2026
8 ਚੇਤ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 74
ਅੰਕ/NO. : 289

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • SATURDAY, 21 MARCH, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮਾਨ ਵੱਲੋਂ ਟਾਟਾ ਸਟੀਲ ਪਲਾਂਟ ਦਾ ਉਦਘਾਟਨ

## ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਉਦਯੋਗ ਬਾਹਰ ਗਏ, ਅਸੀਂ ਵਾਪਸ ਲਿਆ ਰਹੇ





**ਲੁਧਿਆਣਾ (ਰੈਕਟਰ ਕਥੂਰੀਆ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਲੁਧਿਆਣਾ ਵਿੱਚ ਭਾਰਤ ਦੇ ਦੂਜੇ ਸਭ ਤੋਂ ਵੱਡੇ ਪਲਾਂਟ ਦਾ ਉਦਘਾਟਨ ਕੀਤਾ।

ਮੁੱਖ ਮੰਤਰੀ ਨੇ ਪਿਛਲੀਆਂ ਸਰਕਾਰਾਂ ਨੂੰ ਘੇਰਦਿਆਂ ਜ਼ੋਰ ਦੇ ਕੇ ਕਿਹਾ ਕਿ ਜੋ ਉਦਯੋਗ ਕਦੇ ਗਲਤ ਨੀਤੀਆਂ ਕਾਰਨ ਪੰਜਾਬ 'ਚੋਂ ਬਾਹਰ ਗਏ ਸਨ, ਉਹ ਹੁਣ ਉਦਯੋਗ-ਪੱਖੀ ਸ਼ਾਸਨ ਅਧੀਨ ਵਾਪਸ ਆ ਰਹੇ ਹਨ। 3200 ਕਰੋੜ ਰੁਪਏ ਦੀ ਲਾਗਤ ਨਾਲ ਲੁਧਿਆਣਾ ਵਿੱਚ ਸਥਾਪਤ ਇਹ ਪਲਾਂਟ ਪੰਜਾਬ ਦੀ ਉਦਯੋਗਿਕ ਨੁਹਾਰ ਨੂੰ ਬਦਲਣ ਵੱਲ ਵੱਡਾ ਕਦਮ ਹੈ।

ਪਲਾਂਟ ਦਾ ਉਦਘਾਟਨ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ—ਇਹ ਇੱਕ ਯਾਦਗਾਰੀ ਦਿਨ ਹੈ, ਕਿਉਂਕਿ ਸੂਬੇ ਦੇ ਆਰਥਿਕ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਦਾ ਇਤਿਹਾਸ ਰਚਿਆ ਗਿਆ ਹੈ। ਅੱਜ ਪੰਜਾਬ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਇਸ ਇਲੈਕਟ੍ਰਿਕ ਆਰਕ ਫਰਨੇਸ-ਅਧਾਰਤ ਪਲਾਂਟ ਰਾਹੀਂ ਗਰੀਨ ਊਰਜਾ ਦੀ ਵਰਤੋਂ ਕਰਕੇ ਸਟੀਲ ਉਤਪਾਦਨ ਸ਼ੁਰੂ ਕੀਤਾ ਹੈ। ਇਹ ਪੰਜਾਬ ਲਈ ਇਤਿਹਾਸਕ ਤੇ ਵਿਸ਼ੇਸ਼ ਦਿਨ ਹੈ, ਕਿਉਂਕਿ ਟਾਟਾ ਸਟੀਲ ਨੇ ਸਿੱਧੇ ਤੌਰ 'ਤੇ 2600 ਤੋਂ 2700 ਪਰਵਾਰਾਂ ਅਤੇ ਅਸਿੱਧੇ ਤੌਰ 'ਤੇ 8000-10000 ਪਰਵਾਰਾਂ ਦੇ ਭਵਿੱਖ ਨੂੰ ਰੌਸ਼ਨ ਕਰਨ ਦੀ ਜ਼ਿੰਮੇਵਾਰੀ ਲਈ ਹੈ। ਇਹ ਵਿਸ਼ਵ ਪੱਧਰੀ ਪਲਾਂਟ ਅਤਿ-ਆਧੁਨਿਕ ਗਰੀਨ ਊਰਜਾ ਤਕਨਾਲੋਜੀ ਨਾਲ ਲੈਸ ਹੈ। ਉਹਨਾ ਕਿਹਾ ਕਿ ਟਾਟਾ ਸਟੀਲ ਦੀ ਮੌਜੂਦਗੀ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਪੰਜਾਬ ਉਦਯੋਗਿਕ ਵਿਕਾਸ ਦੇ ਅਗਲੇ ਪੜਾਅ ਲਈ ਤਿਆਰ ਹੈ। ਇਹ ਨਿਵੇਸ਼ ਸਿਰਫ਼ ਇੱਕ ਪ੍ਰਾਜੈਕਟ ਨਹੀਂ, ਸਗੋਂ ਪੰਜਾਬ ਦੇ ਨੌਜਵਾਨਾਂ, ਸਾਡੇ ਇੰਜੀਨੀਅਰਾਂ, ਸਾਡੇ ਹੁਨਰਮੰਦ ਕਰਮਚਾਰੀਆਂ ਅਤੇ ਪੰਜਾਬ ਦੇ ਨਿਰਮਾਣ ਖੇਤਰ ਨੂੰ ਮਜ਼ਬੂਤ ਬਣਾਉਣ ਦਾ ਸੁਨਹਿਰੀ ਮੌਕਾ ਹੈ। ਉਨ੍ਹਾ ਕਿਹਾ, 'ਅਸੀਂ ਚਾਹੁੰਦੇ ਹਾਂ ਕਿ ਪੰਜਾਬ ਭਾਰਤ ਦੇ ਸਭ ਤੋਂ

• ਬਾਕੀ ਸਫਾ 2 'ਤੇ

## ਸਿਹਤ ਯੋਜਨਾ ਤਹਿਤ 25 ਲੱਖ ਲੋਕਾਂ ਵੱਲੋਂ ਰਜਿਸਟਰੇਸ਼ਨ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਚੰਡੀਗੜ੍ਹ ਵਿਖੇ ਆਪਣੀ ਰਿਹਾਇਸ਼ ਉੱਤੇ ਆਪ ਸਰਕਾਰ ਵੱਲੋਂ ਚਾਰ ਸਾਲਾਂ ਵਿੱਚ ਸਿਹਤ ਕ੍ਰਾਂਤੀ ਲਈ ਕੀਤੇ ਕੰਮਾਂ ਦੇ ਵੇਰਵੇ ਸਾਂਝੇ ਕੀਤੇ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੁਣ ਤੱਕ ਸੂਬੇ ਦੇ 25 ਲੱਖ ਲੋਕਾਂ ਨੇ ਰਜਿਸਟਰੇਸ਼ਨ ਕਰਵਾ ਲਈ ਹੈ, ਜਦੋਂ ਕਿ ਇਕ ਲੱਖ 60 ਹਜ਼ਾਰ ਲੋਕਾਂ ਨੇ ਇਸ ਯੋਜਨਾ ਦਾ ਲਾਭ ਵੀ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਲਈ 2000 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ, ਜੋ ਕਿ ਕੇਂਦਰ ਦੀ ਆਯੂਸ਼ਮਾਨ ਯੋਜਨਾ ਨਾਲੋਂ ਕਿਤੇ ਵੱਧ ਹੈ। ਕੇਂਦਰ ਸਰਕਾਰ ਨੇ ਦੇਸ਼ ਦੇ 140 ਕਰੋੜ ਲੋਕਾਂ ਲਈ ਆਯੂਸ਼ਮਾਨ ਯੋਜਨਾ ਤਹਿਤ 9300 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਦੋਂ ਕਿ ਪੰਜਾਬ ਨੇ ਤਿੰਨ ਕਰੋੜ ਲੋਕਾਂ ਲਈ 2000 ਕਰੋੜ ਰੁਪਏ ਦਾ ਬੱਜਟ ਰੱਖਿਆ ਹੈ।

# ਇਜ਼ਰਾਈਲ ਵੱਲੋਂ ਈਰਾਨ ਦੇ ਮੁੱਖ ਕੁਦਰਤੀ ਗੈਸ ਖੇਤਰ 'ਤੇ ਹਮਲੇ ਰੋਕਣ ਦਾ ਫੈਸਲਾ

**ਤੇਲ ਅਵੀਵ** : ਇਜ਼ਰਾਈਲ ਨੇ ਈਰਾਨ ਦੇ ਮੁੱਖ ਗੈਸ ਫੀਲਡ 'ਤੇ ਹੋਰ ਹਮਲੇ ਨਾ ਕਰਨ ਦਾ ਵਾਅਦਾ ਕੀਤਾ ਹੈ, ਜਦ ਕਿ ਈਰਾਨ ਨੇ ਖਾੜੀ ਖੇਤਰ ਦੀਆਂ ਤੇਲ ਅਤੇ ਕੁਦਰਤੀ ਗੈਸ ਸਹੂਲਤਾਂ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਇਨ੍ਹਾਂ ਹਮਲਿਆਂ ਨਾਲ ਵਿਸ਼ਵ ਊਰਜਾ ਬਾਜ਼ਾਰਾਂ ਅਤੇ ਕੌਮਾਂਤਰੀ ਆਰਥਿਕਤਾ ਨੂੰ ਵੱਡਾ ਝਟਕਾ ਲੱਗਾ ਹੈ। ਹੋਰਮੁਜ਼ ਜਲਮਾਰਗ 'ਤੇ ਈਰਾਨ ਦੇ ਕਬਜ਼ੇ ਕਾਰਨ ਵਿਸ਼ਵ ਦੀ ਬਾਲਣ ਸਪਲਾਈ ਪਹਿਲਾਂ ਹੀ ਦਬਾਅ ਹੇਠ ਹੈ ਅਤੇ ਹੁਣ ਇਨ੍ਹਾਂ ਹਮਲਿਆਂ ਨੇ ਕੀਮਤਾਂ ਨੂੰ ਹੋਰ ਉੱਪਰ ਚੁੱਕ ਦਿੱਤਾ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵੀਰਵਾਰ ਦੇਰ ਰਾਤ ਦੱਸਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਬੇਨਤੀ 'ਤੇ ਇਜ਼ਰਾਈਲ ਇਸ ਗੈਸ ਫੀਲਡ 'ਤੇ ਕੋਈ ਹੋਰ ਹਮਲਾ ਨਹੀਂ ਕਰੇਗਾ। ਜੰਗ ਵਿੱਚ ਭਾਵੇਂ ਈਰਾਨ ਦੀ ਫੌਜੀ ਸਮਰੱਥਾ ਘਟੀ ਹੈ, ਪਰ ਉਹ ਅਜੇ ਵੀ ਆਪਣੇ ਅਰਬ ਗੁਆਂਢੀ ਦੇਸ਼ਾਂ 'ਤੇ ਮਿਜ਼ਾਈਲ ਅਤੇ ਡਰੋਨ ਹਮਲੇ ਕਰਨ ਦੇ ਸਮਰੱਥ ਹੈ। ਇਸ ਖੇਤਰ ਵਿੱਚ ਸਮੁੰਦਰੀ ਜਹਾਜ਼ਾਂ ਅਤੇ ਸਾਊਦੀ ਅਰਬ ਦੀਆਂ ਰਿਫਾਇਨਰੀਆਂ 'ਤੇ ਹੋਏ ਹਮਲਿਆਂ ਕਾਰਨ ਕੱਚੇ ਤੇਲ ਦੀ ਕੀਮਤ 119 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਹੈ, ਜੋ ਜੰਗ ਦੀ ਸ਼ੁਰੂਆਤ ਤੋਂ 60 ਫੀਸਦੀ ਤੋਂ ਵੱਧ ਦਾ ਵਾਧਾ ਹੈ। ਇਸੇ ਦੌਰਾਨ ਦੁਬਈ ਵਿੱਚ ਭਾਰੀ ਧਮਾਕੇ ਹੋਏ। ਇੱਥੇ ਲੋਕ ਰਮਜ਼ਾਨ ਦੇ ਪਵਿੱਤਰ ਮਹੀਨੇ ਦੇ ਅੰਤ 'ਤੇ ਈਦ-ਉਲ-ਫਿਤਰ ਮਨਾ ਰਹੇ ਸਨ ਅਤੇ ਮਸਜਿਦਾਂ ਵਿੱਚ ਦਿਨ ਦੀ ਪਹਿਲੀ ਅਜ਼ਾਨ ਦਿੱਤੀ ਜਾ ਰਹੀ ਸੀ। ਬਹਿਰੀਨ ਦੇ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਰੋਕੇ ਗਏ ਇੱਕ ਗੋਲੇ ਦਾ ਟੁਕੜਾ ਗੋਦਾਮ 'ਤੇ ਡਿੱਗਣ ਕਾਰਨ ਅੱਗ ਲੱਗ ਗਈ ਅਤੇ ਸਊਦੀ ਅਰਬ ਨੇ ਆਪਣੇ ਤੇਲ ਨਾਲ ਭਰਪੂਰ ਪੂਰਬੀ ਸੂਬੇ ਨੂੰ ਨਿਸ਼ਾਨਾ ਬਣਾਉਣ ਵਾਲੇ ਕਈ ਡਰੋਨਾਂ ਨੂੰ ਮਾਰ ਸੁੱਟਣ ਦਾ ਦਾਅਵਾ ਕੀਤਾ ਹੈ।

## ਈਰਾਨ ਨੇ ਅਮਰੀਕਾ ਦਾ ਐੱਫ-35 ਜੰਗੀ ਜਹਾਜ਼ ਫੁੰਡਿਆ

**ਤਹਿਰਾਨ** : ਪੱਛਮੀ ਏਸ਼ੀਆ ਵਿੱਚ ਜਾਰੀ ਟਕਰਾਅ ਵਿਚਾਲੇ ਅਮਰੀਕੀ ਫੌਜ ਦੇ ਸਭ ਤੋਂ ਆਧੁਨਿਕ ਐੱਫ-35 ਲੜਾਕੂ ਜਹਾਜ਼ ਦੇ ਸੰਬੰਧ ਵਿੱਚ ਇੱਕ ਵੱਡੀ ਖਬਰ ਸਾਹਮਣੇ ਆਈ ਹੈ। ਦਰਅਸਲ ਈਰਾਨ ਨੇ ਵੀਰਵਾਰ ਨੂੰ ਦੁਨੀਆ ਦਾ ਪਹਿਲਾ ਅਜਿਹਾ ਦੇਸ਼ ਬਣਨ ਦਾ ਦਾਅਵਾ ਕੀਤਾ ਹੈ, ਜਿਸ ਨੇ ਅਮਰੀਕੀ ਐੱਫ-35 ਲਾਈਟਨਿੰਗ ਬੀ ਲੜਾਕੂ ਜਹਾਜ਼ 'ਤੇ ਹਮਲਾ ਕੀਤਾ ਹੈ। ਇਹ ਲੜਾਕੂ ਜਹਾਜ਼ ਅਮਰੀਕਾ ਦੇ ਸਭ ਤੋਂ ਕੀਮਤੀ ਜਹਾਜ਼ਾਂ ਵਿੱਚੋਂ ਇੱਕ ਹੈ ਅਤੇ ਪੰਜਵੀਂ ਪੀੜ੍ਹੀ ਦੀ ਜੰਗੀ ਜਹਾਜ਼ਾਂ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਸੀ ਐੱਨ ਐੱਨ ਦੀ ਇੱਕ ਰਿਪੋਰਟ ਵਿੱਚ ਅਮਰੀਕੀ ਰੱਖਿਆ ਅਧਿਕਾਰੀਆਂ ਦੇ ਹਵਾਲੇ ਨਾਲ ਪੁਸ਼ਟੀ ਕੀਤੀ ਗਈ ਹੈ ਕਿ ਇੱਕ ਈਰਾਨ ਦੀ ਜ਼ਮੀਨ ਤੋਂ ਹਵਾ ਤੱਕ ਮਾਰ ਕਰਨ ਵਾਲੀ ਮਿਜ਼ਾਈਲ ਦੇ ਹਮਲੇ ਤੋਂ ਬਾਅਦ ਇੱਕ ਐੱਫ-35 ਨੂੰ ਐਮਰਜੈਂਸੀ ਲੈਂਡਿੰਗ ਕਰਨੀ ਪਈ, ਜਿਸ ਵਿੱਚ ਪਾਇਲਟ ਸੁਰੱਖਿਅਤ ਹੈ ਅਤੇ ਜਾਂਚ ਚੱਲ ਰਹੀ ਹੈ। ਈਰਾਨ ਦੀ ਇਸਲਾਮਿਕ ਰੈਵੋਲਿਊਸ਼ਨ ਗਾਰਡਜ਼ ਕੋਰ (ਆਈ ਆਰ ਜੀ ਸੀ) ਨੇ ਕਿਹਾ ਕਿ ਉਸ ਨੇ ਮੱਧ ਈਰਾਨ ਦੇ ਹਵਾਈ ਖੇਤਰ ਵਿੱਚ ਅਮਰੀਕੀ ਹਵਾਈ ਸੈਨਾ ਦੇ ਇੱਕ ਐੱਫ-35 ਲੜਾਕੂ ਜਹਾਜ਼ ਨੂੰ ਸਫਲਤਾਪੂਰਵਕ ਨਿਸ਼ਾਨਾ ਬਣਾਇਆ ਹੈ। ਆਪਣੀ ਅਧਿਕਾਰਤ ਨਿਊਜ਼ ਵੈੱਬਸਾਈਟ 'ਤੇ ਆਈ ਆਰ ਜੀ ਸੀ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਅਨੁਸਾਰ, ਜਹਾਜ਼ ਨੂੰ ਸਥਾਨਕ ਸਮੇਂ ਅਨੁਸਾਰ ਸਵੇਰੇ 2:50 ਵਜੇ ਉੱਨਤ, ਆਧੁਨਿਕ ਹਵਾਈ ਰੱਖਿਆ ਪ੍ਰਣਾਲੀਆਂ ਨਾਲ ਨਿਸ਼ਾਨਾ ਬਣਾਇਆ ਗਿਆ ਹੈ।

# ਸਰਕਾਰ ਖੇਤੀ ਨੂੰ ਉੱਤਮ ਕਿੱਤਾ ਬਣਾਉਣ ਲਈ ਨਿਰੰਤਰ ਯਤਨਸ਼ੀਲ ਰਹੇਗੀ : ਮਾਨ



**ਲੁਧਿਆਣਾ (ਰੈਕਟਰ ਕਥੂਰੀਆ)**

ਪੀ ਏ ਯੂ ਦੇ ਡਾ. ਅਮਰਜੀਤ ਸਿੰਘ ਖਹਿਰ ਓਪਨ ਏਅਰ ਥੀਏਟਰ ਵਿਖੇ ਸਾਉਣੀ ਦੀਆਂ ਫ਼ਸਲਾਂ ਲਈ ਦੋ ਰੋਜ਼ਾ ਕਿਸਾਨ ਮੇਲਾ ਸ਼ੁੱਕਰਵਾਰ ਭਰਪੂਰ ਜੋਸ਼ ਨਾਲ ਆਰੰਭ ਹੋ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੱਖ-ਵੱਖ ਖੇਤਰਾਂ ਵਿਚ ਅਗਾਂਹਵਧੂ ਭੂਮਿਕਾ ਨਿਭਾਉਣ ਵਾਲੇ ਕਿਸਾਨਾਂ ਨੂੰ ਸਨਮਾਨਤ ਕੀਤਾ। ਸਮਾਰੋਹ ਦੀ ਪ੍ਰਧਾਨਗੀ ਪੀ ਏ ਯੂ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕੀਤੀ। ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਸਨ।

ਮੁੱਖ ਮੰਤਰੀ ਨੇ ਕਿਸਾਨਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਵਿਚ ਬਦਲਾਅ ਮੌਜੂਦਾ ਸਮੇਂ ਦੀ ਅਹਿਮ ਲੋੜ ਹੈ। ਉਹਨਾ ਕਿਹਾ ਕਿ ਪੰਜਾਬ ਖੇਤੀਬਾੜੀ ਵਿਚ ਏ ਆਈ ਤਕਨੀਕਾਂ ਸ਼ਾਮਲ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣਨ ਜਾ ਰਿਹਾ ਹੈ ਅਤੇ ਇਸ ਸੰਬੰਧੀ ਬੁਨਿਆਦੀ ਢਾਂਚੇ ਅਤੇ ਹੋਰ ਸਹੂਲਤਾਂ ਲਈ ਸਰਕਾਰ ਹਰ ਸੰਭਵ ਸਹਿਯੋਗ ਦੇਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨੀ ਅਤੇ ਖੇਤੀ ਦੀ ਬਿਹਤਰੀ ਲਈ ਉਹਨਾਂ ਦੀ ਸਰਕਾਰ ਲਗਾਤਾਰ ਯਤਨਸ਼ੀਲ ਹੈ। ਖੇਤੀ ਵਿਭਿੰਨਤਾ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਬਾਰੇ ਗੱਲ ਕਰਦਿਆਂ ਉਹਨਾ ਕਿਹਾ ਕਿ ਖੇਤਰਾਂ ਦੀ ਪਛਾਣ ਕਰਕੇ ਖੇਤੀ ਵਿਭਿੰਨਤਾ ਨੂੰ ਉਤਸ਼ਾਹਤ ਕੀਤਾ ਜਾਵੇਗਾ ਅਤੇ ਜਪਾਨ ਦੀ ਕੰਪਨੀ ਜ਼ਾਇਕਾ ਵਰਗੀਆਂ ਹੋਰ ਕੰਪਨੀਆਂ ਨਾਲ ਸਹਿਯੋਗ ਕਰਕੇ ਇਸ ਸੰਬੰਧੀ ਉਦਯੋਗ ਵੀ ਲਾਏ ਜਾਣਗੇ। ਉਹਨਾ ਕਿਹਾ ਕਿ ਦੇਸ਼ ਨੂੰ ਅਨਾਜ ਪੱਖੋਂ ਸਵੈ-ਨਿਰਭਰ ਕਰਦਿਆਂ ਪੰਜਾਬ ਦੇ ਕੁਦਰਤੀ ਸਰੋਤਾਂ ਦਾ ਘਾਣ ਹੋਇਆ ਹੈ, ਜਿਨ੍ਹਾਂ ਦੀ ਮੁੜ ਸੁਰਜੀਤੀ ਲਈ ਸਰਕਾਰ ਵੱਲੋਂ ਢੁਕਵੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਦਰਿਆਈ ਪਾਣੀਆਂ ਦੀ ਵਰਤੋਂ ਵਧਾਉਣ ਲਈ ਨਹਿਰਾਂ ਅਤੇ ਖਾਲਿਆਂ ਨੂੰ ਹੋਰ ਸੁਚਾਰੂ ਬਨਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿਚ ਧਰਤੀ, ਹਵਾ ਅਤੇ ਪਾਣੀ ਦੀ ਸੰਭਾਲ ਕਰਨ ਵਿਚ ਸਫਲ ਹੋਵਾਂਗੇ।

## ਕੈਨੇਡਾ ਪੁਲਸ ਨੇ ਭਾਰਤ ਨੂੰ ਕੀਤਾ ਬਰੀ

**ਓਟਾਵਾ** : ਪਿਛਲੇ ਸਮੇਂ ਦੇ ਕੂਟਨੀਤਕ ਵਿਵਾਦ ਤੋਂ ਬਾਅਦ ਇੱਕ ਮਹੱਤਵਪੂਰਨ ਮੋੜ ਲੈਂਦਿਆਂ ਰੋਇਲ ਕੈਨੇਡੀਅਨ ਮਾਊਂਟਿਡ ਪੁਲਸ ਦੇ ਕਮਿਸ਼ਨਰ ਮਾਈਕ ਡੂਹੇਮੇ ਨੇ ਕਿਹਾ ਹੈ ਕਿ ਕੈਨੇਡੀਅਨ ਧਰਤੀ 'ਤੇ ਗੁਪਤ ਗਤੀਵਿਧੀਆਂ ਜਾਂ ਅੰਤਰਰਾਸ਼ਟਰੀ ਦਮਨ ਦੇ ਭਾਰਤ ਸਰਕਾਰ ਨਾਲ ਜੁੜੇ ਹੋਣ ਦਾ ਇਸ ਵੇਲੇ ਕੋਈ ਸਬੂਤ ਨਹੀਂ ਹੈ। ਸੀ ਟੀ ਵੀ ਨਿਊਜ਼ ਨੂੰ ਦਿੱਤੇ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਡੂਹੇਮੇ ਨੇ ਕਿਹਾ ਕਿ ਉਨ੍ਹਾਂ ਕੋਲ ਮੌਜੂਦ ਜਾਣਕਾਰੀ ਦੇ ਅਧਾਰ 'ਤੇ ਕੈਨੇਡਾ ਵਿੱਚ ਹੁਣ ਅਜਿਹੀਆਂ ਕੋਈ ਗੁਪਤ ਗਤੀਵਿਧੀਆਂ ਜਾਂ ਦਮਨ ਨਹੀਂ ਹੋ ਰਿਹਾ, ਜਿਸ ਦਾ ਸੰਬੰਧ ਭਾਰਤ ਸਰਕਾਰ ਨਾਲ ਹੋਵੇ। ਉਨ੍ਹਾਂ ਸੀ ਟੀ ਵੀ ਦੇ ਪ੍ਰੋਗਰਾਮ 'ਕੁਐਸਚਨ ਪੀਰੀਅਡ' ਵਿੱਚ ਹੋਸਟ ਵੈਸੀ ਕਾਪੇਲੋਸ ਨੂੰ ਦੱਸਿਆ, 'ਸਾਡੇ ਕੋਲ ਮੌਜੂਦ ਅੰਤਰਰਾਸ਼ਟਰੀ ਦਮਨ ਦੀਆਂ ਫਾਈਲਾਂ ਵਿੱਚ ਅਪਰਾਧਿਕ ਜਾਣਕਾਰੀ ਅਤੇ ਮੌਜੂਦਾ ਜਾਂਚ ਦੇ ਅਧਾਰ 'ਤੇ ਸਾਨੂੰ ਇਸ ਵੇਲੇ ਕਿਸੇ ਵਿਦੇਸ਼ੀ ਇਕਾਈ ਨਾਲ ਕੋਈ ਸੰਬੰਧ ਨਜ਼ਰ ਨਹੀਂ ਆ ਰਿਹਾ। ਇਹ ਟਿੱਪਣੀਆਂ ਅਕਤੂਬਰ 2024 ਵਿੱਚ ਉਨ੍ਹਾਂ ਦੇ ਰੁਖ ਦੇ ਬਿਲਕੁਲ ਉਲਟ ਹਨ, ਜਦੋਂ ਡੂਹੇਮੇ ਨੇ ਕਿਹਾ ਸੀ ਕਿ ਆਰ ਸੀ ਐੱਮ ਪੀ. ਕੋਲ ਪੁਖਤਾ ਸਬੂਤ ਹਨ ਕਿ ਕੈਨੇਡਾ ਵਿੱਚ ਸਿੱਖ ਭਾਈਚਾਰੇ ਵਿਰੁੱਧ ਹਿੰਸਾ ਅਤੇ ਡਰਾਉਣ-ਧਮਕਾਉਣ ਦੀ ਮੁਹਿੰਮ ਭਾਰਤ ਸਰਕਾਰ ਦੇ 'ਉੱਚ ਪੱਧਰਾਂ' ਤੱਕ ਜਾਂਦੀ ਹੈ ਅਤੇ ਭਾਰਤੀ ਡਿਪਲੋਮੈਟ ਕਥਿਤ ਤੌਰ 'ਤੇ ਜਾਣਕਾਰੀ ਇਕੱਠੀ ਕਰਕੇ ਅਪਰਾਧਿਕ ਸੰਗਠਨਾਂ ਨੂੰ ਹਿੰਸਾ ਲਈ ਭੇਜ ਰਹੇ ਸਨ।

## ਪ੍ਰੀਮੀਅਮ ਪੈਟਰੋਲ 2 ਰੁਪਏ ਪ੍ਰਤੀ ਲੀਟਰ ਹੋਇਆ ਮਹਿੰਗਾ

**ਚੰਡੀਗੜ੍ਹ** : ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗ ਕਾਰਨ ਗਲੋਬਲ ਤੇਲ ਸਪਲਾਈ 'ਤੇ ਅਸਰ ਪਿਆ ਹੈ, ਜਿਸ ਨਾਲ ਕੀਮਤਾਂ 'ਚ ਉਛਾਲ ਆਇਆ ਹੈ। ਤੇਲ ਕੰਪਨੀਆਂ ਵੱਲੋਂ ਸ਼ੁੱਕਰਵਾਰ ਨੂੰ ਸਪੀਡ ਅਤੇ ਪਾਵਰ ਵਰਗੇ ਪ੍ਰੀਮੀਅਮ ਪੈਟਰੋਲ ਦੀਆਂ ਕੀਮਤਾਂ ਵਿਚ ਵਾਧਾ ਕਰ ਦਿੱਤਾ ਗਿਆ ਹੈ।

ਪੰਜਾਬ 'ਚ ਪ੍ਰੀਮੀਅਮ ਪੈਟਰੋਲ ਦੀ ਕੀਮਤ 'ਚ 2 ਰੁਪਏ ਪ੍ਰਤੀ ਲੀਟਰ ਦਾ ਇਜ਼ਾਫਾ ਕੀਤਾ ਗਿਆ ਹੈ। ਇਹ ਵਾਧਾ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਵਧ ਰਹੀਆਂ ਕੀਮਤਾਂ ਦੇ ਮੱਦੇਨਜ਼ਰ ਕੀਤਾ ਗਿਆ ਹੈ। ਨਵੇਂ ਰੇਟ ਸ਼ੁੱਕਰਵਾਰ ਸਵੇਰੇ 6 ਵਜੇ ਤੋਂ ਲਾਗੂ ਹੋ ਗਏ ਹਨ ਅਤੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਇਕਸਾਰ ਤੌਰ 'ਤੇ 2 ਰੁਪਏ ਦਾ ਵਾਧਾ ਕੀਤਾ ਗਿਆ ਹੈ। ਮੁਹਾਲੀ 'ਚ ਪਹਿਲਾਂ ਪ੍ਰੀਮੀਅਮ ਪੈਟਰੋਲ ਦੀ ਕੀਮਤ 105.12 ਰੁਪਏ ਪ੍ਰਤੀ ਲੀਟਰ ਸੀ, ਜੋ ਹੁਣ ਵਧ ਕੇ 107.13 ਰੁਪਏ ਪ੍ਰਤੀ ਲੀਟਰ ਹੋ ਗਈ ਹੈ। ਇਸ ਵਾਧੇ ਨਾਲ ਖਾਸ ਕਰਕੇ ਉਨ੍ਹਾਂ ਵਾਹਨ ਮਾਲਕਾਂ 'ਤੇ ਅਸਰ ਪਵੇਗਾ, ਜੋ ਉੱਚ ਗੁਣਵੱਤਾ ਵਾਲਾ ਪ੍ਰੀਮੀਅਮ ਪੈਟਰੋਲ ਵਰਤਦੇ ਹਨ। ਤੇਲ ਮਹਿੰਗਾ ਹੋਣ ਨਾਲ ਵਪਾਰੀ ਵਰਗ 'ਤੇ ਵੀ ਇਸ ਦਾ ਅਸਰ ਪਵੇਗਾ, ਕਿਉਂਕਿ ਸਾਮਾਨ ਦੀ ਢੁਆਈ ਮਹਿੰਗੀ ਹੋ ਜਾਵੇਗੀ, ਜਿਸ ਦਾ ਸਿੱਧਾ ਅਸਰ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਦੀਆਂ ਕੀਮਤਾਂ 'ਤੇ ਪੈ ਸਕਦਾ ਹੈ।

## ਅੱਜ-ਨਾਮਾ

ਹਰਿਆਣੇ ਨਾਲ ਸੀ ਪਾਣੀ ਦਾ ਬੜਾ ਝੇੜਾ,
ਰਾਜਸਥਾਨ ਵੰਨੀਂ ਆ ਚੱਲਦੀ ਗੱਲ ਬੇਲੀ।
ਮੰਗਿਆ ਏ ਮੁੱਲ ਪੰਜਾਬ ਨੇ ਪਾਣੀਆਂ ਦਾ,
ਛਿਆਹਠ ਸਾਲਾਂ ਦਾ ਉਨ੍ਹਾਂ ਦੇ ਵੱਲ ਬੇਲੀ।
ਅਗਲੇ ਸੁਣਨ ਨੂੰ ਬਾਤ ਤਿਆਰ ਹੈ ਨਹੀਂ,
ਸੌਖਾ ਇਹਦਾ ਵੀ ਕੋਈ ਨਹੀਂ ਹੱਲ ਬੇਲੀ।
ਪੰਜਾਬ ਲੱਗਾ ਅਦਾਲਤ ਵੱਲ ਜਾਣ ਬੇਲੀ,
ਭਾਵੇਂ ਅੱਜ ਜਾਂਦਾ ਈ, ਭਾਵੇਂ ਕੱਲ੍ਹ ਬੇਲੀ।
ਕੇਸ ਆ ਜਾਇਜ਼ ਪੰਜਾਬ ਦਾ ਲੱਖ ਵਾਰੀ,
ਕੇਂਦਰ ਸਰਕਾਰ ਨਾ ਓਸ ਦੇ ਨਾਲ ਬੇਲੀ।
ਰਾਜਸਥਾਨ ਜਾਂ ਹਰਿਆਣੇ ਦੀ ਗੱਲ ਹੋਵੇ,
ਬਣਨਾ ਕੇਂਦਰ ਤਾਂ ਦੋਵਾਂ ਦੀ ਢਾਲ ਬੇਲੀ।

-ਤੀਸ ਮਾਰ ਖਾਂ

## ਰੁਪਏ ਦੀ ਨਿਕਲੀ ਫੂਕ

**ਨਵੀਂ ਦਿੱਲੀ** : ਰੁਪਿਆ 19 ਪੈਸੇ ਹੋਰ ਟੁੱਟ ਕੇ ਅਮਰੀਕੀ ਡਾਲਰ ਦੇ ਮੁਕਾਬਲੇ ਆਪਣੇ ਸਭ ਤੋਂ ਹੇਠਲੇ ਪੱਧਰ 93.08 'ਤੇ ਆ ਗਿਆ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਦੇ ਵਿਚਾਲੇ ਅਮਰੀਕੀ ਡਾਲਰ ਦੀ ਮਜ਼ਬੂਤੀ ਅਤੇ ਵਿਦੇਸ਼ੀ ਪੂੰਜੀ ਦੀ ਲਗਾਤਾਰ ਨਿਕਾਸੀ ਕਾਰਨ ਘਰੇਲੂ ਮੁਦਰਾ ਉੱਤੇ ਭਾਰੀ ਦਬਾਅ ਪਿਆ ਹੈ। ਓਧਰ ਭਾਰੀ ਗਿਰਾਵਟ ਤੋਂ ਬਾਅਦ ਸ਼ੁੱਕਰਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿੱਚ ਭਾਰਤੀ ਸ਼ੇਅਰ ਬਾਜ਼ਾਰ ਦੇ ਬੈਂਚਮਾਰਕ ਸੂਚਕ ਅੰਕ ਸੈਂਸੈਕਸ ਅਤੇ ਨਿਫਟੀ ਵਿੱਚ ਵਾਧਾ ਦਰਜ ਕੀਤਾ ਗਿਆ ਹੈ, ਜਿਸ ਦਾ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਆਈ ਮਾਮੂਲੀ ਨਰਮੀ ਨੂੰ ਮੰਨਿਆ ਜਾ ਰਿਹਾ ਹੈ। 30 ਸ਼ੇਅਰਾਂ ਵਾਲਾ ਬੀ ਐੱਸ ਈ ਸੈਂਸੈਕਸ ਸ਼ੁਰੂਆਤੀ ਕਾਰੋਬਾਰ ਵਿੱਚ 976.77 ਅੰਕ ਦੇ ਵਾਧੇ ਨਾਲ 75,184.01 'ਤੇ ਪਹੁੰਚ ਗਿਆ, ਜਦ ਕਿ 50 ਸ਼ੇਅਰਾਂ ਵਾਲਾ ਐੱਨ ਐੱਸ ਈ ਨਿਫਟੀ 301.7 ਅੰਕਾਂ ਨਾਲ ਚੜ੍ਹ ਕੇ 23,303.85 'ਤੇ ਆ ਗਿਆ।



# ਗੰਭੀਰ ਚਿੰਤਾ ਵਾਲੀ ਰਿਪੋਰਟ

ਆਜ਼ਾਦੀ ਦੇ ਬਾਅਦ ਭਾਰਤ ਨੇ ਧਰਮਨਿਰਪੱਖਤਾ ਤੇ ਲੋਕਤੰਤਰ ਦਾ ਰਾਹ ਚੁਣਿਆ, ਪਰ ਦੇਸ਼ 'ਚ ਕੁਝ ਅਜਿਹੀਆਂ ਤਾਕਤਾਂ ਸਨ, ਜਿਹੜੀਆਂ ਇਨ੍ਹਾਂ ਕਦਰਾਂ ਦੇ ਖਿਲਾਫ ਸਨ ਤੇ ਵਾਰ-ਵਾਰ ਦੁਹਰਾਉਂਦੀਆਂ ਰਹੀਆਂ ਕਿ ਭਾਰਤ ਸਿਰਫ ਹਿੰਦੂਆਂ ਦਾ ਰਾਸ਼ਟਰ ਹੈ। ਅਜਿਹੀ ਹੀ ਇੱਕ ਜਥੇਬੰਦੀ ਆਰ ਐੱਸ ਐੱਸ ਨੇ ਆਪਣੀ ਸਥਾਪਨਾ ਦੇ 100 ਸਾਲ ਪੂਰੇ ਕਰ ਲਏ ਹਨ। ਉਸ ਨੇ ਆਪਣੇ ਬਿਰਤਾਂਤ ਨੂੰ ਫੈਲਾਉਣ ਲਈ ਜ਼ਬਰਦਸਤ ਕੰਮ ਕੀਤਾ ਤੇ ਪਿਛਲੇ ਕੁਝ ਦਹਾਕਿਆਂ ਵਿੱਚ ਉਸ ਦਾ ਪ੍ਰਭਾਵ ਆਪਣੀ ਸਿਖਰ 'ਤੇ ਪੁੱਜ ਗਿਆ ਹੈ। ਘੱਟ-ਗਿਣਤੀਆਂ ਪ੍ਰਤੀ ਨਫਰਤ ਵਾਲੀ ਉਸ ਦੀ ਵਿਚਾਰਧਾਰਾ ਸ਼ੁਰੂ ਤੋਂ ਹੀ ਮੁਸਲਮਾਨਾਂ ਦਾ ਦਾਨਵੀਕਰਨ ਕਰਦੀ ਰਹੀ ਹੈ ਤੇ ਪਿਛਲੇ ਕੁਝ ਦਹਾਕਿਆਂ ਤੋਂ ਉਹ ਈਸਾਈਆਂ ਦੇ ਵੀ ਪਿੱਛੇ ਪਈ ਹੋਈ ਹੈ। ਇਸ ਦੇ ਨਤੀਜੇ ਵਜੋਂ ਧਾਰਮਿਕ ਆਜ਼ਾਦੀ ਵਿੱਚ ਜ਼ਬਰਦਸਤ ਗਿਰਾਵਟ ਤੇ ਧਾਰਮਿਕ ਘੱਟ-ਗਿਣਤੀਆਂ 'ਤੇ ਹੋਣ ਵਾਲੇ ਅੱਤਿਆਚਾਰਾਂ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਹਿੰਦੂ ਰਾਸ਼ਟਰਵਾਦੀ ਪਾਰਟੀ ਦੇ ਕੇਂਦਰੀ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਨਫਰਤ ਦਾ ਮਾਹੌਲ ਸਿਖਰ 'ਤੇ ਪੁੱਜ ਗਿਆ ਹੈ।

ਧਾਰਮਿਕ ਘੱਟ-ਗਿਣਤੀਆਂ ਵਿਰੁੱਧ ਪ੍ਰਾਪੇਗੰਡੇ ਤੇ ਨਫਰਤ ਫੈਲਾਉਣ ਵਾਲਿਆਂ ਦੇ ਵਿਸ਼ਾਲ ਨੈੱਟਵਰਕ ਦੇ ਕਾਰਨ ਸਮਾਜ ਵਿੱਚ ਜਿਹੜੀ ਆਮ ਸਮਝ ਬਣ ਗਈ ਹੈ, ਉਸ ਦਾ ਮੁਕਾਬਲਾ ਕਰਨਾ ਬਹੁਤ ਔਖਾ ਹੋ ਗਿਆ ਹੈ। ਯੂ ਐੱਸ ਸੀ ਆਈ ਐੱਫ ਆਰ (ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ) ਅਮਰੀਕਾ ਦੀ ਇੱਕ ਆਜ਼ਾਦ ਫੈਡਰਲ ਸੰਸਥਾ ਹੈ, ਜਿਸ ਦੀ ਸਥਾਪਨਾ 1998 ਦੇ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ ਐਕਟ ਦੇ ਤਹਿਤ ਪੂਰੀ ਦੁਨੀਆ ਵਿੱਚ ਧਾਰਮਿਕ ਜਾਂ ਆਸਥਾ ਦੀ ਆਜ਼ਾਦੀ ਦੀਆਂ ਸਥਿਤੀਆਂ 'ਤੇ ਨਜ਼ਰ ਰੱਖਣ, ਉਨ੍ਹਾਂ ਦੀ ਉਲੰਘਣਾ ਦੀ ਸਮੀਖਿਆ ਕਰਨ ਤੇ ਨੀਤੀਆਂ ਦੇ ਸੰਬੰਧ ਵਿੱਚ ਅਮਰੀਕੀ ਰਾਸ਼ਟਰਪਤੀ, ਵਿਦੇਸ਼ ਮੰਤਰੀ ਤੇ ਕਾਂਗਰਸ ਨੂੰ ਸਿਫਾਰਸ਼ਾਂ ਕਰਨ ਲਈ ਕੀਤੀ ਗਈ ਸੀ। ਇਹ ਹਰ ਸਾਲ ਆਪਣੀ ਰਿਪੋਰਟ ਜਾਰੀ ਕਰਦੀ ਹੈ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਘੱਟ-ਗਿਣਤੀਆਂ ਦੇ ਸੰਬੰਧ ਬਾਰੇ ਵੇਰਵੇ ਹੁੰਦੇ ਹਨ। ਪਿਛਲੇ ਸੱਤ ਵਰ੍ਹਿਆਂ ਤੋਂ ਉਹ ਭਾਰਤ ਨੂੰ 'ਖਾਸ ਚਿੰਤਾ ਵਾਲੇ ਰਾਸ਼ਟਰ' ਦੀ ਸ਼੍ਰੇਣੀ ਵਿੱਚ ਰੱਖ ਰਹੀ ਹੈ। ਇਸ ਵਰ੍ਹੇ ਦੀ ਉਸ ਦੀ ਰਿਪੋਰਟ ਕਾਫੀ ਚਿੰਤਤ ਕਰਨ ਵਾਲੀ ਹੈ, ਕਿਉਂਕਿ ਉਸ ਨੇ ਨਾ ਸਿਰਫ ਭਾਰਤ ਨੂੰ ਖਾਸ ਚਿੰਤਾ ਵਾਲਾ ਰਾਸ਼ਟਰ ਦੱਸਿਆ ਹੈ, ਸਗੋਂ ਇਸ ਦੇ ਨਾਲ ਆਰ ਐੱਸ ਐੱਸ ਤੇ ਉਸ ਦੀ ਛਤਰ-ਛਾਇਆ ਹੇਠ ਚਲਦੀਆਂ ਜਥੇਬੰਦੀਆਂ 'ਤੇ ਪਾਬੰਦੀ ਲਾਉਣ ਦੀ ਸਿਫਾਰਸ਼ ਕੀਤੀ ਹੈ। ਰਿਪੋਰਟ ਮੁਤਾਬਕ ਅੰਤਰ-ਭਾਈਚਾਰਕ ਰਿਸ਼ਤਿਆਂ ਤੇ ਧਾਰਮਿਕ ਘੱਟ-ਗਿਣਤੀਆਂ ਨੂੰ ਡਰਾਉਣ-ਧਮਕਾਉਣ ਤੇ ਸਤਾਉਣ ਲਈ ਆਰ ਐੱਸ ਐੱਸ ਜ਼ਿੰਮੇਵਾਰ ਹੈ। ਸੰਸਥਾ ਨੇ ਡੋਨਾਲਡ ਟਰੰਪ ਪ੍ਰਸ਼ਾਸਨ ਨੂੰ ਸਿਫਾਰਸ਼ ਕੀਤੀ ਹੈ ਕਿ ਆਰ ਐੱਸ ਐੱਸ ਦੇ ਅਸਾਸੇ ਜ਼ਬਤ ਕੀਤੇ ਜਾਣ ਅਤੇ ਇਸ ਦੇ ਆਗੂਆਂ ਦਾ ਅਮਰੀਕਾ ਵਿੱਚ ਦਾਖਲਾ ਰੋਕਿਆ ਜਾਵੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਆਰ ਐੱਸ ਐੱਸ ਹੁਕਮਰਾਨ ਭਾਜਪਾ ਦੀ ਜਣਨੀ ਹੈ ਅਤੇ ਭਾਜਪਾ ਤੇ ਆਰ ਐੱਸ ਐੱਸ ਦੇ ਪ੍ਰਸਪਰ ਸੰਬੰਧਾਂ ਕਾਰਨ ਨਾਗਰਿਕਤਾ, ਧਰਮ ਪਰਿਵਰਤਨ ਤੇ ਗੋਕਸ਼ੀ ਨਾਲ ਸੰਬੰਧਤ ਕਈ ਵਿਤਕਰੇ ਭਰੇ ਕਾਨੂੰਨ ਬਣਾਏ ਗਏ ਹਨ।

ਯੂ ਐੱਸ ਸੀ ਆਈ ਆਰ ਐੱਫ ਨੇ ਤਾਂ ਹੁਣ ਆਰ ਐੱਸ ਐੱਸ 'ਤੇ ਰੋਕ ਲਾਉਣ ਦੀ ਗੱਲ ਕਹੀ ਹੈ, ਉਸ ਖਿਲਾਫ ਸਖਤ ਕਦਮ ਚੁੱਕਣ ਦਾ ਅਹਿਸਾਸ ਸਭ ਤੋਂ ਪਹਿਲਾਂ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੂੰ ਹੋਇਆ ਸੀ ਤੇ ਪਾਬੰਦੀ ਲਾ ਦਿੱਤੀ ਸੀ। 1975 ਵਿੱਚ ਫਿਰ ਇੰਦਰਾ ਗਾਂਧੀ ਨੇ ਪਾਬੰਦੀ ਲਾਈ ਸੀ ਅਤੇ ਉਸ ਦੇ ਬਾਅਦ 1992 ਵਿੱਚ ਬਾਬਰੀ ਮਸਜਿਦ ਢਾਹੁਣ ਦੇ ਬਾਅਦ ਪਾਬੰਦੀ ਲਾਈ ਗਈ ਸੀ। ਅੱਜ ਗੁਣਾਤਮਕ ਤੇ ਨਤੀਜਿਆਂ ਪੱਖੋਂ ਉਸ ਦੀਆਂ ਨਫਰਤ ਫੈਲਾਉਣ ਵਾਲੀਆਂ ਸਰਗਰਮੀਆਂ ਕਿਤੇ ਵੱਡੇ ਪੱਧਰ 'ਤੇ ਜਾਰੀ ਹਨ। ਗੇਂਦ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਪਾਲੇ ਵਿੱਚ ਹੈ, ਪਰ ਉਸ ਦੀ ਆਪਣੀ ਅਜੀਬੋ-ਗਰੀਬ ਕਾਰਜਪ੍ਰਣਾਲੀ ਹੈ।

## ਬੁਰੇ ਹਾਲ 'ਚ ਦੁਨੀਆ ਨੂੰ ਲੈ ਆਇਆ

ਸਾਹ ਰਗ ਤੋਂ ਬਿਨਾਂ ਨਾ ਸਾਹ ਚੱਲਣ,
ਇਸ ਹਾਲ ਵਿੱਚ ਦੁਨੀਆ ਨੂੰ ਲੈ ਆਇਆ।
ਪੂਰੀ ਖਲਕਤ ਦਾ ਅਮਨ ਤੇ ਚੈਨ ਖੋਹ ਕੇ,
ਟੇਢੇ ਜਾਲ ਵਿੱਚ ਦੁਨੀਆ ਨੂੰ ਲੈ ਆਇਆ।
ਕਰਨ ਗਿਆ ਸੀ ਤੇਲ ਭੰਡਾਰ ਕਾਬੂ।
ਬੁਰੇ ਹਾਲ ਵਿੱਚ ਦੁਨੀਆ ਨੂੰ ਲੈ ਆਇਆ,
ਦੇ ਕੇ ਛਣਕਣੇ ਅਰਬ ਦੇ ਰਾਜਿਆਂ ਨੂੰ।
ਮਹਾਂ ਕਾਲ ਵਿੱਚ ਦੁਨੀਆ ਨੂੰ ਲੈ ਆਇਆ,
ਬਿਨਾਂ ਕਿਸੇ ਅਭਿਆਸ ਅਥਲੀਟ ਬਣ ਕੇ।
ਲੰਮੀ ਛਾਲ ਵਿੱਚ ਦੁਨੀਆ ਨੂੰ ਲੈ ਆਇਆ,
ਪਹਿਲੇ ਹੱਲੇ ਹੀ ਹੋ ਗਈ ਹੈ ਤਾਰਪੀਡੋ।
ਉਸ ਚਾਲ ਵਿੱਚ ਦੁਨੀਆਂ ਨੂੰ ਲੈ ਆਇਆ,
ਵਾਗਡੋਰ ਜਦੋਂ ਪਾਲਗਾਂ ਹੱਥ ਆਉਂਦੀ
ਖਲਕਤ ਲਹੂ ਦੇ ਅੱਥਰੂ ਡੋਹਲਦੀ ਹੈ,
ਜੰਦਰੇ ਲੱਗੇ ਹੋਏ ਕੁਦਰਤ ਦੇ ਮਹਿਲ ਅੱਗੇ,
ਬਿਨਾਂ ਚਾਬੀਓ ਉਨ੍ਹਾਂ ਨੂੰ ਖੋਲ੍ਹਦੀ ਹੈ।

-ਗੁਲਪੁਰ

# ਜੰਗਾਂ ਨੇ ਉਜਾੜ'ਤੀ ਦੁਨੀਆ

**ਗੁਰਪ੍ਰੀਤ**

ਭਾਰਤ-ਪਾਕਿਸਤਾਨ ਵਿਚਾਲੇ ਕਈ ਜੰਗਾਂ ਲੱਗੀਆਂ ਨੇ, ਨਿਕਲਿਆ ਕੁਝ ਨਹੀਂ, ਇੱਕ-ਦੂਜੇ ਨੂੰ ਕੋਸਦੇ ਹੀ ਰਹੇ ਹਾਂ। ਕੁਝ-ਕੁਝ ਸਮੇਂ ਬਾਅਦ ਅੱਗ ਲੱਗਦੀ ਰਹਿੰਦੀ ਹੈ, ਲੋਕ ਮਰਦੇ ਰਹਿੰਦੇ ਨੇ, ਪਰ ਪੁੱਛਦਾ-ਦੱਸਦਾ ਕੋਈ ਨਹੀਂ। ਭਾਰਤ-ਪਾਕਿਸਤਾਨ ਵਿਚਾਲੇ 2025 ਵਿੱਚ ਵੀ ਛੋਟੀ ਜੰਗ ਜਿਹੀ ਲੱਗੀ; ਭਾਵੇਂ ਕਿ ਉਸ ਵਿੱਚ ਨੁਕਸਾਨ ਕੋਈ ਬਹੁਤਾ ਨਹੀਂ ਹੋਇਆ, ਪਰ ਦੋਵਾਂ ਵਿਚਾਲੇ ਲੱਗੀ ਜੰਗ ਨੇ ਇੱਕ ਵਾਰ ਲੋਕਾਂ ਦੇ ਸਾਹ ਜ਼ਰੂਰ ਸੁਕਾ ਦਿੱਤੇ ਸੀ। ਅਮਰੀਕੀ ਰਾਸ਼ਟਰਪਤੀ ਨੇ ਇਹ ਜੰਗ ਰੁਕਵਾਈ ਤੇ ਸਭ ਤੋਂ ਪਹਿਲਾਂ ਜੰਗਬੰਦੀ ਦਾ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਕਿ ਮੈਂ ਜੰਗ ਰੁਕਵਾ ਦਿੱਤੀ ਹੈ।

ਯੂਕਰੇਨ ਉੱਤੇ ਰੂਸ ਦੇ ਅਟੈਕ ਲਗਾਤਾਰ ਜਾਰੀ ਨੇ। ਯੂਕਰੇਨ ਵੀ ਕਦੇ-ਕਦਾਈਂ ਰੂਸ ਉੱਤੇ ਅਟੈਕ ਕਰਦਾ ਰਹਿੰਦਾ ਹੈ। ਇਜ਼ਰਾਈਲ-ਫਲਸਤੀਨ ਦੇ ਵਿਚਾਲੇ ਕਰੀਬ ਢਾਈ-ਤਿੰਨ ਸਾਲਾਂ ਤੋਂ ਜੰਗ ਲਗਾਤਾਰ ਜਾਰੀ ਹੈ। ਕੋਈ ਹਵਾ ਫਲਸਤੀਨ ਨੂੰ ਦੇ ਰਿਹਾ ਹੈ ਤੇ ਕੋਈ ਇਜ਼ਰਾਈਲ ਨੂੰ। ਇਜ਼ਰਾਈਲ ਵਾਲਾ ਪ੍ਰਧਾਨ ਮੰਤਰੀ ਸਮੇਂ-ਸਮੇਂ 'ਤੇ ਵੱਖੋ-ਵੱਖ ਐਲਾਨ ਕਰ ਚੁੱਕਿਆ ਹੈ ਅਤੇ ਉਹਦਾ ਇੱਕੋ-ਇੱਕ ਟੀਚਾ ਹੈ ਕਿ ਗਾਜ਼ਾ ਨੂੰ ਖ਼ਤਮ ਕਰ ਦੇਣਾ, ਨਕਸ਼ੇ ਤੋਂ ਮਿਟਾ ਦੇਣਾ, ਭੂਮੀ ਖ਼ਤਮ ਕਰ ਦੇਣੀ। ਮਤਲਬ ਸਾਫ਼ ਹੈ ਕਿ ਨਸਲਕੁਸ਼ੀ ਕਰਨੀ ਹੈ, ਜੋ ਕਿ ਹੋ ਵੀ ਰਹੀ ਹੈ।

ਫਲਸਤੀਨ ਉੱਤੇ ਹਮਲਿਆਂ ਦੀਆਂ ਖ਼ਬਰਾਂ ਦੇ ਵਿਚਾਲੇ ਹੀ ਇਸੇ ਸਾਲ ਮਾਰਚ ਦੇ ਮਹੀਨੇ ਵਿੱਚ ਈਰਾਨ ਉੱਪਰ ਇਜ਼ਰਾਈਲ ਨੇ ਅਮਰੀਕੀ ਸ਼ਹਿ ਪ੍ਰਾਪਤ ਕਰਦਿਆਂ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਈਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਾਮਨੇਈ ਦੀ ਪਰਿਵਾਰ ਸਮੇਤ ਕਈ ਜੀਆਂ ਦੀ ਮੌਤ ਹੋ ਗਈ। ਦੋਵਾਂ ਪਾਸਿਓਂ ਬੰਬਾਰੀ ਹੋ ਰਹੀ ਹੈ, ਲੋਕ ਮਰ ਰਹੇ ਨੇ; ਹਸਪਤਾਲ, ਸਕੂਲ, ਕਾਲਜ, ਸੜਕਾਂ, ਜ਼ਮੀਨ-ਜਾਇਦਾਦ ਸਭ ਤਬਾਹ ਹੋ ਰਹੀ ਹੈ, ਪਰ ਇਸ ਵੱਲ ਕੋਈ ਨਹੀਂ ਵੇਖ ਰਿਹਾ।

ਸੀਜ਼ਫਾਇਰ ਦੀਆਂ ਗੱਲਾਂ ਸਿਰਫ਼ ਹਵਾਈ ਹੋ ਰਹੀਆਂ ਨੇ ਅਤੇ ਇੰਝ ਲੱਗਦਾ ਹੈ ਕਿ ਸੀਜ਼ਫਾਇਰ ਹੋਣੀ ਨਹੀਂ। ਜਦੋਂ ਵੀ ਕਿਸੇ ਮੁਲਕ ਵਿੱਚ ਜੰਗ ਲੱਗਦੀ ਹੈ ਤਾਂ ਉਸ ਦਾ ਵੱਡਾ ਨੁਕਸਾਨ ਜੇਕਰ ਸਭ ਤੋਂ ਵੱਧ ਹੁੰਦਾ ਹੈ, ਤਾਂ ਉਹ ਹੁੰਦਾ ਹੈ ਵਾਤਾਵਰਨ ਦਾ, ਜਿਸ ਬਾਰੇ ਕੋਈ ਸੋਚਦਾ ਹੀ ਨਹੀਂ। ਨਾ ਕੋਈ ਸਰਕਾਰ ਸੋਚਦੀ ਹੈ, ਨਾ ਕੋਈ ਹੋਰ ਧਿਰ ਜਾਂ ਜਥੇਬੰਦੀ ਸੋਚਦੀ ਹੈ। ਸਭ ਨੂੰ ਇੱਕੋ-ਇੱਕ ਅੱਗ ਲੱਗੀ ਹੁੰਦੀ ਹੈ ਕਿ ਅਸੀਂ ਫ਼ਲਾਣੇ ਮੁਲਕ ਨੂੰ ਤਬਾਹ ਕਰ ਦੇਣਾ ਹੈ।



ਬੰਬ ਬਣਾਉਣ ਵਾਲੀਆਂ ਕੰਪਨੀਆਂ ਹਮੇਸ਼ਾ ਚਾਹੁੰਦੀਆਂ ਨੇ ਕਿ ਜੰਗਾਂ ਲੱਗਦੀਆਂ ਰਹਿਣ; ਜੰਗਾਂ ਲੱਗਣਗੀਆਂ ਤਾਂ ਉਹਨਾਂ ਦਾ ਕਾਰੋਬਾਰ ਚੱਲੇਗਾ, ਪਰ ਕਦੀ ਕਿਸੇ ਨੇ ਸੋਚਿਆ ਕਿ ਬੰਬ, ਮਿਜ਼ਾਈਲਾਂ, ਪਰਮਾਣੂ ਅਤੇ ਹੋਰ ਖ਼ਤਰਨਾਕ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਦੀ ਕਮਾਈ ਦਿਨ-ਪ੍ਰਤੀ-ਦਿਨ ਵਧਦੀ ਕਿਉਂ ਜਾ ਰਹੀ ਹੈ? ਕਿਸੇ ਵੀ ਮੁਲਕ ਵਿੱਚ ਜਦੋਂ ਵੀ ਕੋਈ ਜੰਗ ਲੱਗਦੀ ਹੈ, ਤਾਂ ਇੱਕ ਲੋਕਲ ਜਿਹੀ ਖ਼ਬਰ ਤੋਂ ਲੱਗਦੀ ਹੈ; ਛੋਟਾ ਜਿਹਾ ਮਸਲਾ ਵੱਡਾ ਬਣਾ ਦਿੱਤਾ ਜਾਂਦਾ ਹੈ, ਸੋਸ਼ਲ ਮੀਡੀਆ 'ਤੇ ਭੰਡਿਆ ਜਾਂਦਾ ਹੈ, ਫਿਰ ਜਾ ਕੇ ਕਿਤੇ ਉਹ ਜੰਗ ਤੀਲੀ ਫੜ ਲੈਂਦੀ ਹੈ। ਵੈਸੇ ਤਾਂ ਜੰਗਾਂ ਦਾ ਨਾਂਅ ਹੀ ਮਾੜਾ ਹੈ। ਜੰਗਾਂ ਲੱਗਦੀਆਂ ਨੇ, ਬੰਦ ਹੋ ਜਾਂਦੀਆਂ ਨੇ, ਪਰ ਪਿੱਛੇ ਛੱਡ ਜਾਂਦੀਆਂ ਨੇ ਬਹੁਤ ਸਾਰੇ ਦੁੱਖ।

ਯਾਦ ਹੋਣਾ ਸਭ ਨੂੰ ਕਿ ਜਦੋਂ ਜਪਾਨ ਉੱਪਰ ਅਮਰੀਕਾ ਨੇ ਪਰਮਾਣੂ ਹਮਲਾ ਕੀਤਾ ਸੀ, ਤਾਂ ਉਸ ਵਕਤ ਵੱਡੇ ਪੱਧਰ ਤੇ ਤਬਾਹੀ ਮਚੀ ਸੀ। ਲੋਕ ਮਿੰਟਾਂ-ਸਕਿੰਟਾਂ ਦੇ ਵਿੱਚ ਹੀ ਮਰ ਗਏ ਸਨ। ਹਾਲੇ ਵੀ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਵਿੱਚ ਬਹੁਤ ਸਾਰੇ ਲੋਕ ਅਜਿਹੇ ਪੈਦਾ ਹੁੰਦੇ ਨੇ, ਜਿਨ੍ਹਾਂ ਦੇ ਹੱਥ-ਪੈਰ ਸਹੀ ਤਰੀਕੇ ਨਾਲ ਕੰਮ ਨਹੀਂ ਕਰਦੇ। ਮਤਲਬ ਸਾਫ਼ ਹੈ ਕਿ ਪਰਮਾਣੂ ਦਾ ਬਹੁਤ ਮਾੜਾ ਪ੍ਰਭਾਵ ਸਰੀਰ 'ਤੇ ਪੈਂਦਾ ਹੈ। ਜਿਹੜੀਆਂ ਗੈਸਾਂ ਬੰਬ ਚਲਾਉਣ ਦੇ ਨਾਲ ਅਤੇ ਹੋਰ ਗੋਲਾ-ਬਰੂਦ ਛੱਡਣ ਦੇ ਨਾਲ ਪੈਦਾ ਹੁੰਦੀਆਂ ਨੇ, ਉਸ ਦੇ ਬਾਰੇ ਕੋਈ ਵੀ ਨਹੀਂ ਸੋਚਦਾ, ਨਾ ਹੀ ਕੋਈ ਗੱਲ ਕਰਦਾ ਹੈ। ਸਰਕਾਰ ਵੀ ਨਹੀਂ ਬੋਲਦੀ, ਸਾਡੇ ਵਰਗੇ ਵੀ ਚਾਰ ਦਿਨ ਬੋਲ ਕੇ ਚੁੱਪ ਕਰ ਜਾਂਦੇ ਨੇ। ਵਾਤਾਵਰਨ ਦਾ ਖਿਲਵਾੜ, ਜਿਸ ਤਰੀਕੇ ਦੇ ਨਾਲ ਇਹਨਾਂ ਜੰਗਾਂ ਵੱਲੋਂ ਕੀਤਾ ਜਾ ਰਿਹਾ ਹੈ, ਲੱਗਦਾ ਹੈ ਕਿ ਸਾਨੂੰ ਬੰਬਾਂ ਨੇ ਘੱਟ ਅਤੇ ਵਿਗੜ ਰਹੇ ਵਾਤਾਵਰਨ ਨੇ ਜ਼ਿਆਦਾ ਮਾਰ ਦੇਣਾ ਹੈ।

ਕਦੇ-ਕਦੇ ਤਾਂ ਇੰਝ ਲੱਗਦਾ ਹੈ ਕਿ ਬੰਬਾਂ ਵਿੱਚੋਂ ਨਿਕਲਣ ਵਾਲੀਆਂ ਗੈਸਾਂ ਜੰਗਾਂ ਲੜਨ ਵਾਲੀਆਂ ਧਿਰਾਂ ਨੂੰ ਆਕਸੀਜਨ ਜਾਪਦੀਆਂ ਨੇ। ਸਾਡੇ ਮੁਲਕ ਵਿੱਚ ਇਸ ਵੇਲੇ ਪ੍ਰਦੂਸ਼ਣ ਦਾ ਮੁੱਦਾ ਹੈ; ਪਰਾਲੀ ਨੂੰ ਅੱਗ ਲਾਉਣ ਕਾਰਨ ਪ੍ਰਦੂਸ਼ਣ ਫੈਲ ਰਿਹਾ ਹੈ, ਬਿਮਾਰੀਆਂ ਪੈਦਾ ਹੋ ਰਹੀਆਂ ਨੇ, ਪਰ ਕੀ ਕਦੇ ਕਿਸੇ ਨੇ ਸੋਚਿਆ ਕਿ ਪਟਾਕਿਆਂ ਵਿੱਚੋਂ ਨਿਕਲਣ ਵਾਲੀ ਜ਼ਹਿਰੀਲੀ ਗੈਸ ਪਰਾਲੀ ਦੇ ਧੂੰਏਂ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਹੁੰਦੀ ਹੈ? ਸੋਚਣ ਵੀ ਕਿਉਂ? ਪਟਾਕਿਆਂ ਤੋਂ ਤਾਂ ਅਗਲੇ ਕਮਾਈ ਕਰ ਜਾਂਦੇ ਨੇ ਤੇ ਕਣਕ-ਝੋਨਾ ਉਗਾ ਕੇ ਮੁਲਕ ਦਾ ਢਿੱਡ ਭਰਨ ਵਾਲੇ, ਇਸ ਸਭ ਦੇ ਵਿੱਚ ਫਸ ਜਾਂਦੇ ਨੇ।

ਖ਼ੈਰ ਅੱਗੇ ਚਲਦੇ ਹਾਂ, ਲਗਾਤਾਰ ਹੋ ਰਹੀ ਬੰਬਾਰੀ ਅਤੇ ਇਹਨਾਂ ਬੰਬਾਂ ਦੇ ਵਿੱਚੋਂ ਨਿਕਲ ਰਹੀਆਂ ਗੈਸਾਂ ਅਸਲ ਦੇ ਵਿੱਚ ਪੀੜ੍ਹੀਆਂ ਤਬਾਹ ਕਰ ਰਹੀਆਂ ਨੇ। ਇਹ ਗੈਸਾਂ ਮਨੁੱਖੀ ਸਰੀਰ ਤੇ ਬਹੁਤ ਮਾੜਾ ਅਸਰ ਪਾ ਰਹੀਆਂ ਨੇ। ਅਸਮਾਨ ਵਿਚਾਰਾ ਉੱਪਰ ਬੈਠਾ ਸੋਚ ਰਿਹਾ ਹੋਣਾ ਕਿ ਕਿਹੋ ਜਿਹੀ ਜਨਤਾ ਥੱਲੇ ਹੋ ਗਈ ਹੈ, ਜਿਹੜੀ ਆਪਣਾ-ਆਪ ਤਬਾਹ ਕਰਨ ਤੇ ਤੁਲੀ ਹੋਈ ਹੈ। ਇਕ ਰਿਪੋਰਟ ਕਹਿੰਦੀ ਹੈ ਕਿ ਬੰਬਾਂ ਦੇ ਨਾਲ ਜਿੱਥੇ ਆਰਥਿਕ ਨੁਕਸਾਨ ਹੁੰਦਾ ਹੈ, ਉੱਥੇ ਹੀ ਸਾਡੇ ਵਾਤਾਵਰਨ ਦਾ ਵੱਡੇ ਪੱਧਰ 'ਤੇ ਨੁਕਸਾਨ ਹੁੰਦਾ ਹੈ।

ਕਈ ਮੁਲਕਾਂ ਦੀ ਤਾਂ ਅਰਥ ਵਿਵਸਥਾ ਹੀ ਹਥਿਆਰ ਬਣਾਉਣ ਨਾਲ ਚਲਦੀ ਹੈ। ਅਮਰੀਕਾ, ਰੂਸ, ਇਜ਼ਰਾਈਲ, ਚੀਨ, ਫਰਾਂਸ; ਇਹ ਸਾਰੇ ਉਹ ਮੁਲਕ ਨੇ, ਜਿਹੜੇ ਵੱਡੇ-ਵੱਡੇ ਬੰਬ ਬਣਾਉਂਦੇ ਨੇ, ਮਾਰੂ ਹਥਿਆਰ ਬਣਾਉਂਦੇ ਨੇ, ਮਾਰੂ ਪਰਮਾਣੂ ਹਥਿਆਰ ਅਤੇ ਹੋਰ ਕੁਝ ਬਣਾਉਂਦੇ ਨੇ ਜਿਸ ਦਾ ਨੁਕਸਾਨ ਆਮ ਆਵਾਮ ਨੂੰ ਹੁੰਦਾ ਹੈ। ਇਸ ਬਾਰੇ ਕੋਈ ਨਹੀਂ ਸੋਚਦਾ ਕਿ ਕੋਈ ਮਰਦਾ ਹੈ ਜਾਂ ਕੋਈ ਜਿਉਂਦਾ ਹੈ, ਬਸ ਸਭ ਨੂੰ ਆਪਣੀ ਜੇਬ ਨਾਲ ਮਤਲਬ ਹੁੰਦਾ ਹੈ। ਪਤਾ ਨਹੀਂ ਇਹ ਕਦੋਂ ਤੱਕ ਚੱਲਣਾ ਹੈ, ਕਦੋਂ ਤੱਕ ਮੁਲਕਾਂ ਦੇ ਅੰਦਰ ਜੰਗਾਂ ਲੱਗਣੀਆਂ ਨੇ, ਕਦੋਂ ਤੱਕ ਲੋਕ ਮਰਦੇ ਰਹਿਣੇ ਨੇ।

ਸਵਾਲ ਤਾਂ ਬੜੇ ਨੇ, ਪਰ ਜਵਾਬ ਕੋਈ ਨਹੀਂ। ਅਸੀਂ ਕੀ ਕਰ ਸਕਦੇ ਹਾਂ? ਕਿਨ੍ਹਾਂ ਨੂੰ ਸਮਝਾ ਸਕਦੇ ਹਾਂ? ਸਮਝਣ ਵਾਲੀਆਂ ਤਾਕਤਾਂ ਸੱਤਾ ਦੇ ਵਿੱਚ ਨੇ, ਪਰ ਉਹ ਨਹੀਂ ਸਮਝਦੀਆਂ, ਕਿਉਂਕਿ ਉਹਨਾਂ ਨੂੰ ਵੋਟਾਂ ਦੀ ਭੁੱਖ ਹੈ। ਲੋਕ ਮਰਨਗੇ ਤਾਂ ਉਹ ਸਿਆਸਤ ਕਰਨਗੇ, ਫਿਰ ਵੋਟਾਂ ਲਈ ਦਹਾੜੇ ਮਾਰਨਗੇ, ਲੋਕਾਂ ਨੂੰ ਇਮੋਸ਼ਨਲ ਬਲੈਕਮੇਲ ਕਰਨਗੇ ਅਤੇ ਸੱਤਾ ਹਥਿਆਉਣਗੇ। ਇਹ ਗੱਲ 'ਕੱਲ੍ਹੇ ਸਾਡੇ ਮੁਲਕ ਦੀ ਨਹੀਂ, ਦੁਨੀਆ ਦੇ ਦਰਜਨਾਂ ਮੁਲਕਾਂ ਦੀ ਇਹੋ ਹਾਲਤ ਅਤੇ ਗੱਲ ਹੈ।

ਜਿਨ੍ਹਾਂ ਮੁਲਕਾਂ ਨੇ ਹਥਿਆਰਾਂ ਨੂੰ ਪਾਸੇ ਰੱਖ ਕੇ ਸਿਹਤ, ਸਿੱਖਿਆ ਅਤੇ ਵਿਕਾਸ ਨੂੰ ਪਹਿਲ ਦਿੱਤੀ, ਉਹ ਮੁਲਕ ਅੱਜ ਤਰੱਕੀ ਦੀਆਂ ਲੀਹਾਂ 'ਤੇ ਨੇ ਅਤੇ ਜਿਨ੍ਹਾਂ ਮੁਲਕਾਂ ਨੇ ਫ਼ਾਲਤੂ ਜਿਹੇ ਮੁੱਦੇ ਬਣਾ ਕੇ ਮੁਲਕ ਨੂੰ ਅੱਗੇ ਲਿਜਾਣ ਦੀ ਬਜਾਏ ਸਿਰਫ਼ ਤੇ ਸਿਰਫ਼ ਗ਼ਰੀਬ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਅਤੇ ਸਿਹਤ, ਸਿੱਖਿਆ ਅਤੇ ਵਿਕਾਸ ਸਿਰਫ਼ ਅਖ਼ਬਾਰਾਂ, ਟੀ ਵੀ ਚੈਨਲਾਂ ਅਤੇ ਹੋਰ ਇਸ਼ਤਿਹਾਰਬਾਜ਼ੀ ਵਿੱਚ ਹੀ ਦੇਖਿਆ, ਉਹਨਾਂ ਮੁਲਕਾਂ ਦੀ ਕਦੇ ਤਰੱਕੀ ਨਹੀਂ ਹੋ ਸਕਦੀ।

ਖ਼ੈਰ, ਜੰਗਾਂ ਚੱਲ ਰਹੀਆਂ ਨੇ ਕਈ ਮੁਲਕਾਂ ਦੇ ਵਿਚਾਲੇ; ਉਮੀਦ ਹੈ ਕਿ ਸਭ ਕੁਝ ਛੇਤੀ ਠੀਕ ਹੋਵੇਗਾ। ਇਜ਼ਰਾਈਲ-ਈਰਾਨ ਦੁਆਰਾ ਇੱਕ-ਦੂਜੇ ਉੱਪਰ ਕੀਤੇ ਜਾ ਰਹੇ ਲਗਾਤਾਰ ਅਟੈਕ ਸਾਡੀਆਂ ਅੱਖਾਂ ਵਿੱਚ ਹੰਝੂ ਭਰ ਰਹੇ ਨੇ। ਸਿਆਸੀ ਤਾਕਤਾਂ ਜੰਗਾਂ ਨੂੰ ਜਿੱਤ ਜਾਂ ਹਾਰ ਦੇ ਨਜ਼ਰੀਏ ਨਾਲ ਵੇਖਦੀਆਂ ਹਨ, ਪਰ ਕੁਦਰਤ ਦੇ ਨਜ਼ਰੀਏ ਤੋਂ ਜੰਗ ਸਿਰਫ਼ ਹਾਰ ਹੀ ਹੈ। ਬੰਬਾਂ ਨਾਲ ਉਖੜਿਆ ਵਾਤਾਵਰਨ ਦੁਬਾਰਾ ਬਣਨ ਵਿੱਚ ਸਦੀਆਂ ਲੱਗ ਜਾਂਦੀਆਂ ਹਨ। ਜੇਕਰ ਮਨੁੱਖਤਾ ਨੇ ਆਪਣੀ ਹੋਂਦ ਬਚਾਉਣੀ ਹੈ ਤਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਵਾਤਾਵਰਨ ਤੋਂ ਬਿਨਾਂ ਜੀਵਨ ਸੰਭਵ ਨਹੀਂ ਅਤੇ ਜੰਗ ਕਦੇ ਵੀ ਸ਼ਾਂਤੀ ਜਾਂ ਖ਼ੁਸ਼ਹਾਲੀ ਦਾ ਰਸਤਾ ਨਹੀਂ ਹੋ ਸਕਦੀ।

# ਸੰਪਰਕ : 95698- 20314

# ਹਾਏ ! ਸਿਲੰਡਰ

**ਹਰਸੰਤ ਸਿੰਘ ਢੀਂਡਸਾ**

ਵਿਸ਼ਵੀਕਰਨ ਦੇ ਨਾਲ ਪੂਰਾ ਸੰਸਾਰ ਪਿੰਡ ਦੇ ਵਿੱਚ ਤਬਦੀਲ ਹੋ ਗਿਆ, ਹਰ ਘਟਨਾ ਦਾ ਅਸਰ ਪੂਰੇ ਸੰਸਾਰ ਵਿੱਚ ਪੈਣਾ ਸੁਭਾਵਿਕ ਹੈ, ਫਿਰ ਵੀ ਇਹ ਤਾਂ ਜੰਗ ਹੈ, ਉਹ ਵੀ ਸੰਸਾਰ ਦੀ ਵੱਡੀ ਸ਼ਕਤੀ ਅਮਰੀਕਾ ਅਤੇ ਇਜ਼ਰਾਈਲ ਦੀ ਈਰਾਨ ਦੇ ਨਾਲ, ਇਹ ਕਿਵੇਂ ਹੋ ਸਕਦਾ ਕਿ ਜੰਗ ਦਾ ਅਸਰ ਸੰਸਾਰ ਦੇ ਕੋਨੇ-ਕੋਨੇ ਵਿੱਚ ਕਿਵੇਂ ਨਾ ਦਿਖੇ, ਪਰ ਜੋ ਹਾਲਾਤ ਅੱਜ ਭਾਰਤ ਵਿੱਚ ਗੈਸ ਦੀ ਕਿੱਲਤ ਕਾਰਨ ਪੈਦਾ ਹੋਏ ਹਨ, ਇਹਨਾਂ ਹਾਲਤਾਂ ਨੇ ਵੱਡੇ ਤੋਂ ਲੈ ਕੇ ਛੋਟੇ ਕਿਸਾਨ-ਮਜ਼ਦੂਰ ਤੱਕ ਬਹੁਤ ਵੱਡਾ ਅਸਰ ਪਾਇਆ ਹੈ, ਅਮੀਰ ਲੋਕਾਂ ਕੋਲ ਹੋਰ ਬਹੁਤ ਸਾਧਨ ਹਨ, ਪੈਸਾ ਹੈ, ਪੈਸੇ ਦੇ ਜ਼ੋਰ ਨਾਲ ਹਰ ਚੀਜ਼ ਖਰੀਦੀ ਜਾ ਸਕਦੀ ਹੈ, ਪਰ ਜੋ ਹਾਲਤ ਅੱਜ ਗਰੀਬ ਕਿਸਾਨ - ਮਜ਼ਦੂਰ ਦੀ ਹੈ, ਚੁੱਲ੍ਹੇ ਠੰਢੇ ਹਨ, ਸਬਜ਼ੀ ਦਾ ਬਦਲ ਪਿਆਜ਼ ਦੀ ਚਟਨੀ ਹੋ ਸਕਦੀ ਹੈ, ਰੋਟੀ ਦਾ ਬਦਲ ਚਾਵਲ ਹੋ ਸਕਦੇ ਹਨ, ਪਰ ਚਾਵਲਾਂ ਦੇ ਲਈ ਵੀ ਅੱਗ ਦੀ ਜ਼ਰੂਰਤ ਹੈ, ਅੱਗ ਬਾਲਣ ਦੇ ਲਈ ਸਮੁੱਚਾ ਕਿਸਾਨ - ਮਜ਼ਦੂਰ ਵਰਗ ਗੈਸ ਸਿਲੰਡਰਾਂ 'ਤੇ ਨਿਰਭਰ ਹੈ, ਪਰ ਸਿਲੰਡਰ ਪ੍ਰਾਪਤ ਕਰਨਾ ਖਾਲਾ ਜੀ ਦਾ ਵਾੜਾ ਨਹੀਂ, ਇੱਥੋਂ ਤੱਕ ਕਿ ਗੈਸ ਸਿਲੰਡਰ ਕਿਸੇ ਵੀ ਹਾਲਤ ਬਲੈਕ ਵਿੱਚ ਵੀ ਨਹੀਂ ਮਿਲ ਰਹੇ।

ਸਿਲੰਡਰਾਂ ਦਾ ਮੁੱਲ ਕੋਰੋਨਾ ਕਾਲ ਸਮੇਂ ਤੋਂ ਪੈਣਾ ਸ਼ੁਰੂ ਹੋਇਆ, ਉਸ ਸਮੇਂ ਮਰੀਜ਼ਾਂ ਨੂੰ ਆਕਸੀਜਨ ਦੇ ਸਿਲੰਡਰ ਲੱਭਿਆਂ ਨਹੀਂ ਮਿਲ ਰਹੇ ਸਨ, ਆਕਸੀਜਨ ਦੀ ਘਾਟ ਕਾਰਨ ਬਹੁਤ ਸਾਰੇ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਜਾਣਾ ਪਿਆ, ਉਸ ਸਮੇਂ ਵੀ ਸਿਲੰਡਰ ਅਮੀਰ ਲੋਕਾਂ ਦੀ ਪਹੁੰਚ ਵਿੱਚ ਸਨ, ਕਿਉਂਕਿ ਕਾਲਾ ਬਜ਼ਾਰੀ ਕਾਰਨ, ਅਮੀਰ ਲੋਕ ਆਪਣੇ ਮਰੀਜ਼ਾਂ ਦੇ ਲਈ ਡਾਕਟਰਾਂ ਨਾਲ ਗੰਢ ਤੁੱਪ ਕਰਕੇ ਆਕਸੀਜਨ ਦੇ ਸਿਲੰਡਰਾਂ ਦਾ ਪ੍ਰਬੰਧ ਕਰ ਲੈਂਦੇ ਸਨ, ਪ੍ਰੰਤੂ ਕਿਸਾਨ - ਮਜ਼ਦੂਰ ਵਰਗ ਨੇ ਆਕਸੀਜਨ ਦੀ ਘਾਟ ਦੀ ਬਹੁਤ ਮਾਰ ਝੱਲੀ, ਜਿਵੇਂ ਕਹਿੰਦੇ ਹਨ ਕਿ ਗਰੀਬਾਂ ਦੀ ਤਾਂ ਕੁਦਰਤ ਹੈ, ਉਸ ਸਮੇਂ ਸਾਡੇ ਰੁੱਖਾਂ ਨੇ ਆਕਸੀਜਨ ਦੇਣ ਦਾ ਸਾਥ ਨਿਭਾਇਆ ਅਤੇ ਹੁਣ ਰੁੱਖਾਂ ਦੇ ਸੁੱਕੇ ਡੱਕੇ ਮਜ਼ਦੂਰਾਂ ਦੇ ਚੁੱਲ੍ਹਿਆਂ ਵਿੱਚ ਅੱਗ ਬਾਲਣ ਦਾ ਜ਼ਰੀਆ ਬਣ ਰਹੇ ਹਨ। ਕੁਦਰਤ ਬਹੁਤ ਵੱਡੀ ਚੀਜ਼ ਹੈ, ਜੇਕਰ ਅਸੀਂ ਬਦਾਮ ਨਹੀਂ ਖਾ ਸਕਦੇ, ਤਾਂ ਕੁਦਰਤ ਨੇ ਬਦਾਮ ਦੇ ਗੁਣ ਮੂੰਗਫਲੀ ਦੇ ਵਿੱਚ ਪੈਦਾ ਕੀਤੇ ਹਨ, ਮੂੰਗਫਲੀ ਹਰ ਇੱਕ ਇਨਸਾਨ ਦੀ ਪਹੁੰਚ ਵਿੱਚ ਹੈ।

ਕਦੇ ਲੇਖ ਪੜ੍ਹਦੇ ਸੀ, ਹਾਏ ਨੌਕਰੀ, ਸਹੀ ਗੱਲ ਹੈ ਕਿ ਨੌਕਰੀਆਂ ਅੱਜ ਬੇਰੁਜ਼ਗਾਰੀ ਦੇ ਯੁੱਗ ਵਿੱਚ ਪ੍ਰਾਪਤ ਕਰਨੀਆਂ ਬਹੁਤ ਔਖੀਆਂ ਹਨ, ਕਿਉਂਕਿ ਦੁਨੀਆ ਪੜ੍ਹ-ਲਿਖ ਗਈ, ਪਰ ਸਰਕਾਰਾਂ ਕੋਲ ਨੌਕਰੀਆਂ ਦੇ ਸਰੋਤ ਬਹੁਤ ਘੱਟ ਹਨ, ਵੱਡੀਆਂ-ਵੱਡੀਆਂ ਡਿਗਰੀਆਂ ਵਾਲੇ ਲੋਕ ਚੌਥਾ ਦਰਜਾ ਨੌਕਰੀ ਲਈ ਆਪਣੇ ਫਾਰਮ ਅਪਲਾਈ ਕਰਦੇ ਹਨ, ਪਰ ਅੱਜ ਗੈਸ ਸਿਲੰਡਰ ਪ੍ਰਾਪਤ ਕਰਨਾ, ਨੌਕਰੀ ਤੋਂ ਵੱਡਾ ਮਸਲਾ ਬਣ ਗਿਆ, ਵੱਡੀਆਂ-ਵੱਡੀਆਂ ਲਾਈਨਾਂ, ਰਾਤਾਂ ਦੇ ਖੜ੍ਹੇ ਲੋਕ, ਉਡੀਕਦਿਆਂ ਥੱਕ ਜਾਂਦੇ ਹਨ, ਚੁੱਲ੍ਹੇ ਠੰਢੇ ਪਏ ਹਨ, ਜਦੋਂ ਸ਼ਾਮ ਨੂੰ ਘਰ ਆ ਕੇ ਘਰ ਦਾ ਮੁਖੀ ਨਿਰਾਸ਼ਾ ਭਰਿਆ ਸੁਨੇਹਾ ਦਿੰਦੇ ਹਨ ਕਿ ਸਿਲੰਡਰ ਨਹੀਂ ਮਿਲਿਆ ਤਾਂ ਇੰਝ ਲੱਗਦਾ ਕਿ ਸਾਡੇ ਨਾਲੋਂ ਤਾਂ ਪਾਕਿਸਤਾਨ ਦਾ ਸਿਸਟਮ ਵਧੀਆ ਹੈ, ਕਹਿੰਦੇ ਹਨ ਕਿ ਉੱਥੇ ਘਰ-ਘਰ ਗੈਸ ਦੀ ਪਾਇਪ ਜਾਂਦੀ ਹੈ, ਸਿਲੰਡਰਾਂ ਦਾ ਜੱਬ ਹੀ ਨਹੀਂ, ਖਰਾਬ ਮੌਸਮ ਵਿੱਚ ਬਾਲਣ ਵੀ ਗਿੱਲਾ ਹੋ ਗਿਆ, ਪਾਥੀਆਂ ਗਿੱਲੀਆਂ, ਦੱਸੋ ਸੁਆਣੀਆਂ ਕਿਵੇਂ ਖਾਣਾ ਤਿਆਰ ਕਰਨਗੀਆਂ, ਛੋਟੇ-ਛੋਟੇ ਬੱਚੇ ਰੋਟੀ ਦੀ ਬੁਰਕੀ ਨੂੰ ਤਰਸਦੇ, ਉਡੀਕਦੇ, ਭੁੱਖੇ ਸੌਂ ਜਾਂਦੇ ਹਨ, ਸਵੇਰ ਨੂੰ ਉਹੀ ਹਾਲਾਤ, ਬੱਚੇ ਕਹਿੰਦੇ, ਪਰਮਾਤਮਾ ਇਹ ਜੰਗ ਲਾਉਣ ਵਾਲੇ ਪਾਪੀਆਂ ਨੂੰ ਤੂੰ ਖਤਮ ਕਿਉਂ ਨਹੀਂ ਕਰਦਾ, ਇਹਨਾਂ ਨੂੰ ਸਾਡੇ ਵਰਗੇ ਮਿੱਤਰਤਾ ਵਾਲੇ ਸਾਫ ਦਿਲ ਦੇ ਦੇ, ਲੜਨ ਦੇ ਨਾਲੋਂ ਖੇਡਣ ਅਤੇ ਪਿਆਰ ਕਰਨ ਨੂੰ ਤਰਜੀਹ ਦੇਣ, ਹਉਮੈ ਅਤੇ ਹੰਕਾਰ ਦੀਆਂ ਕੰਧਾਂ ਟੁੱਟ ਕੇ, ਪਿਆਰ ਦੇ ਰਿਸ਼ਤੇ ਬਣਨ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਕਥਨ ਅਨੁਸਾਰ, ਕਿਰਤ ਕਰੋ, ਨਾਮ ਜਪੋ, ਵੰਡ ਛਕੋ ਅਨੁਸਾਰ ਜੀਵਨ ਬਸਰ ਕਰਨ ਵਾਲਾ ਸੰਸਾਰ ਬਣੇ, ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ ਹੋਵੇ, ਆਸ ਹੈ ਕਿ ਜਲਦੀ ਇਹ ਗੈਸ ਦੀ ਕਿੱਲਤ ਖਤਮ ਹੋਵੇ, ਚੁੱਲ੍ਹੇ ਬਲਣ, ਹਰ ਇੱਕ ਨੂੰ ਭੋਜਨ ਨਸੀਬ ਹੋਵੇ। ਪਰਮਾਤਮਾ ਕਰੇ ਇਹ ਜੰਗ ਨਾਂਅ ਦਾ ਸ਼ਬਦ ਹੀ ਖਤਮ ਹੋ ਜਾਵੇ, ਹੱਦਾਂ-ਸਰਹੱਦਾਂ ਟੱਪ ਕੇ ਲੋਕੀਂ ਇੱਕ-ਦੂਜੇ ਨੂੰ ਮਿਲਣ, ਇਨਸਾਨ ਵੀ ਪ੍ਰਕਿਰਤੀ ਦੇ ਜੀਵ ਹਨ, ਜੇਕਰ ਪੰਛੀ ਆਜ਼ਾਦ ਘੁੰਮ ਸਕਦੇ ਹਨ, ਯੂਰਪ ਤੋਂ ਸਾਇਬੇਰੀਆ ਦੀਆਂ ਕੂੰਜਾਂ ਹਰੀ ਕੇ ਪੱਤਣ ਆ ਸਕਦੀਆਂ ਹਨ, ਤਾਂ ਸਾਨੂੰ ਵੀ ਤੰਗ ਦਿਲ ਵਾਲੀ ਸੋਚ ਛੱਡ ਕੇ ਸੰਸਾਰਵਾਦੀ ਸੋਚ ਤਹਿਤ ਪ੍ਰੇਮ-ਪਿਆਰ ਦਾ ਜੀਵਨ ਬਸਰ ਕਰਨਾ ਚਾਹੀਦਾ, ਚੰਗੀ ਸੋਚ ਗ੍ਰਹਿਣ ਕਰਨ ਦੀ ਜ਼ਰੂਰਤ ਹੈ ਅੰਤ ਵਿੱਚ ਮੈਨੂੰ ਪੰਜਾਬੀ ਦੇ ਮਕਬੂਲ ਸ਼ਾਇਰ ਗੁਰਤੇਜ ਕੁਹਾਰ ਵਾਲੇ ਦਾ ਲਿਖਿਆ ਸ਼ੇਅਰ ਚੇਤੇ ਆ ਗਿਆ..



*ਜੰਗਾਂ ਵਿੱਚ ਛੱਡਣਾ ਪੈਂਦਾ, ਹਉਮੈ ਦੇ ਭੇੜਾਂ ਨੂੰ,*
*ਆ ਜੋ ਹੁਣ ਬਹਿ ਕੇ ਲਿੱਪੀਏ, ਅੰਦਰਲੀਆਂ ਤੇੜਾਂ ਨੂੰ,*
*ਰੇਸ਼ਮ ਦੇ ਟੁੱਟੇ ਧਾਗੇ, ਜੋੜਨ ਦਾ ਵੇਲਾ ਹੈ,*
*ਥੋੜ੍ਹੀ ਹੀ ਦੂਰ ਗਿਆਂ ਨੂੰ, ਮੋੜਨ ਦਾ ਵੇਲਾ ਹੈ।*

# ਸੰਪਰਕ : 98781-97000, 94179-24177

# ਅਮਰੀਕਾ-ਈਰਾਨ ਜੰਗ ਦੌਰਾਨ ਭਾਰਤ ਤੇ ਵਿਸ਼ਵ 'ਚ ਮਹਿੰਗਾਈ ਦਾ ਅਸਰ

**ਪਿਰਥੀਪਾਲ ਸਿੰਘ ਮਾੜੀਮੇਘਾ**

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ 28 ਫਰਵਰੀ ਨੂੰ ਈਰਾਨ 'ਤੇ ਹਮਲਾ ਕਰਕੇ ਐਲਾਨ ਕੀਤਾ ਕਿ ਇਰਾਨ ਕੋਲ ਖਤਰਨਾਕ ਹਥਿਆਰ ਹਨ ਤੇ ਵਿਸ਼ਵ ਸ਼ਾਂਤੀ ਲਈ ਉਨਾਂ ਦਾ ਨਸ਼ਟ ਕਰਨਾ ਜ਼ਰੂਰੀ ਹੈ। ਹਕੀਕਤ ਇਹ ਹੈ ਕਿ ਟਰੰਪ ਈਰਾਨ ਦੀ ਸਰਕਾਰ ਦਾ ਤਖਤਾ ਪਲਟ ਕੇ ਆਪਣੇ ਪੱਖੀ ਸਰਕਾਰ ਬਣਾ ਕੇ ਤੇਲ-ਗੈਸ ਦੇ ਭੰਡਾਰਾਂ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਜੰਗ ਦੌਰਾਨ ਅਮਰੀਕਾ -ਇਜ਼ਰਾਈਲ ਨੇ ਈਰਾਨ ਦਾ ਵੱਡੇ ਪੱਧਰ 'ਤੇ ਜਾਨੀ ਤੇ ਮਾਲੀ ਨੁਕਸਾਨ ਕੀਤਾ ਹੈ। ਦੂਜੇ ਪਾਸੇ ਈਰਾਨ ਵੱਲੋਂ ਜਵਾਬੀ ਹਮਲਿਆਂ ਨਾਲ ਅਮਰੀਕਾ ਪੱਖੀ ਇਜ਼ਰਾਈਲ ਤੇ ਖਾੜੀ ਦੇਸ਼ਾਂ ਵਿੱਚ ਵੀ ਮੌਤਾਂ ਦਾ ਵਰਤਾਰਾ ਜਾਰੀ ਹੈ।

ਅਮਰੀਕਾ ਦੀ ਹੈਂਕੜਬਾਜ਼ੀ ਦੇ ਕਾਰਨ ਜੰਗ ਦੌਰਾਨ ਕੱਚੇ ਤੇਲ ਦੀ ਸਪਲਾਈ ਵਿੱਚ ਵੱਡੀ ਰੁਕਾਵਟ ਆਈ ਹੈ। ਈਰਾਨ ਅਤੇ ਓਮਾਨ ਦੇ ਵਿਚਕਾਰ ਇੱਕ ਬਹੁਤ ਹੀ ਮਹੱਤਵਪੂਰਨ ਸਮੁੰਦਰੀ ਰਸਤਾ ਹੈ, ਜੋ ਫਾਰਸ ਨੂੰ ਓਮਾਨ ਦੀ ਖਾੜੀ ਅਤੇ ਅਰਬ ਸਾਗਰ ਨਾਲ ਜੋੜਦਾ ਹੈ। ਇਹ ਸਮੁੰਦਰੀ ਰਸਤਾ 167 ਕਿਲੋਮੀਟਰ ਲੰਮਾ ਅਤੇ ਈਰਾਨ ਤੇ ਓਮਾਨ ਦੇ ਵਿਚਕਾਰ ਸਿਰਫ 33 ਕਿਲੋਮੀਟਰ ਚੌੜਾ ਰਹਿ ਜਾਂਦਾ ਹੈ। ਇਸ ਰਸਤੇ ਵਿੱਚ ਜਹਾਜ਼ਾਂ ਦੇ ਆਉਣ ਜਾਣ ਦੇ ਰਾਹ ਵੱਖ-ਵੱਖ ਹਨ। ਇਸ ਰਸਤੇ ਰਾਹੀਂ ਰੋਜ਼ 120 ਦੇ ਕਰੀਬ ਵੱਡੇ ਸਮੁੰਦਰੀ ਜਹਾਜ਼ ਵਪਾਰਕ ਕਾਰੋਬਾਰ ਲਈ ਲੰਘਦੇ ਹਨ। ਹਕੀਕਤ ਵਿੱਚ ਵਿਸ਼ਵ ਤੇਲ ਦਾ ਵਪਾਰ 25 ਤੋਂ 30 ਫੀਸਦੀ ਅਤੇ 20 ਤੋਂ 25 ਫੀਸਦੀ ਤਰਲ ਕੁਦਰਤੀ ਗੈਸ ਦਾ ਰਾਹ ਵੀ ਇਹ ਹੀ ਹੈ। ਈਰਾਨ ਦੇ ਤੱਟਵਰਤੀ ਹਿੱਸੇ ਅਤੇ ਟਾਪੂ ਕਿਸ਼ਮ ਅਤੇ ਹੋਰਮੂਜ਼ ਇਸ ਤੰਗ ਰਸਤੇ ਦੇ ਬਿਲਕੁਲ ਉੱਪਰ ਵਸੇ ਹਨ। ਇਸ ਲਈ ਈਰਾਨ ਜਹਾਜ਼ਾਂ ਦੀ ਨਿਗਰਾਨੀ ਵੀ ਰੱਖ ਸਕਦਾ ਅਤੇ ਰਸਤਾ ਰੋਕਣ ਦੀ ਸਮਰੱਥਾ ਵੀ ਰੱਖਦਾ ਹੈ। ਸਾਊਦੀ ਅਰਬ, ਇਰਾਕ, ਕੁਵੈਤ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਵੱਡੇ ਤੇਲ ਉਤਪਾਦਕ ਦੇਸ਼ ਇਸ ਮਾਰਗ 'ਤੇ ਨਿਰਭਰ ਹਨ।

ਅਮਰੀਕਾ-ਈਰਾਨ ਜੰਗ ਦੌਰਾਨ ਈਰਾਨ ਵੱਲੋਂ ਹੋਰਮੂਜ ਜਲਡਮਰੂ ਰਸਤਾ ਬੰਦ ਕਰਨ ਨਾਲ ਪੈਟਰੋਲ, ਡੀਜ਼ਲ ਅਤੇ ਗੈਸ ਦੀਆਂ ਕੀਮਤਾਂ ਵਧਣ ਕਰਕੇ ਕਈ ਦੇਸ਼ਾਂ ਵਿੱਚ ਹਾਹਾਕਾਰ ਮਚੀ ਪਈ ਹੈ। ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਸਾਲ ਵਿੱਚ ਪਹਿਲੀ ਵਾਰ 100/ ਡਾਲਰ ਪ੍ਰਤੀ ਬੈਰਲ ਤੋਂ ਪਾਰ ਪਹੁੰਚ ਗਈਆਂ ਹਨ।(ਕੌਮਾਂਤਰੀ ਪੱਧਰ 'ਤੇ ਕੱਚੇ ਤੇਲ ਦੀ ਕੀਮਤ ਡਾਲਰ ਅਤੇ ਮਾਤਰਾ ਬੈਰਲ ਵਿੱਚ ਗਿਣੀ ਜਾਂਦੀ ਹੈ। ਇੱਕ ਬੈਰਲ ਵਿੱਚ ਲੱਗਭੱਗ 159 ਲੀਟਰ ਤੇਲ ਹੁੰਦਾ ਹੈ।)ਇੱਕ ਵਾਰ ਤਾਂ ਤੇਲ ਦੀ ਕੀਮਤ ਇਸ ਤੋਂ ਵੀ ਉੱਪਰ ਚਲੀ ਗਈ ਸੀ। ਜੰਗ ਸ਼ੁਰੂ ਹੋਣ ਤੋਂ ਬਾਅਦ ਕੱਚੇ ਤੇਲ ਦੀ ਕੀਮਤ ਵਿੱਚ ਲਗਭਗ 50 ਫੀਸਦੀ ਤੱਕ ਵਾਧਾ ਹੋਣ ਨਾਲ ਕੌਮਾਂਤਰੀ ਪੱਧਰ 'ਤੇ ਚਿੰਤਾ ਵਧੀ ਹੈ। ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸੰਸਾਰ ਪੱਧਰ 'ਤੇ ਅਮਨ ਕਾਇਮ ਕਰਨਾ ਦੱਸ ਕੇ ਉਕਤ ਚਿੰਤਾ ਨੂੰ ਛੋਟੀ ਦੱਸਦਾ ਹੈ।

ਅਮਰੀਕਾ-ਇਜ਼ਰਾਈਲ ਅਤੇ ਈਰਾਨ ਦੀ ਜੰਗ ਦਾ ਅਸਰ ਕੱਚੇ ਤੇਲ ਦੀਆਂ ਕੀਮਤਾਂ 'ਤੇ ਪੈਣ ਤੋਂ ਬਾਅਦ ਖਾਣਾ ਬਣਾਉਣ ਵਾਲੇ ਤੇਲਾਂ ਦੀ ਕੀਮਤ ਵੀ ਕਾਫੀ ਵਧ ਚੁੱਕੀ ਹੈ। ਭਾਵੇਂ ਭਾਰਤ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਨਹੀਂ ਹੋਇਆ, ਪਰ ਰਸੋਈ ਗੈਸ ਦੇ ਸਿਲੰਡਰ ਦੀ ਕੀਮਤ ਵਿੱਚ 60 ਰੁਪਏ ਵਾਧਾ ਹੋਣ ਨਾਲ ਲੋਕਾਂ ਵਿੱਚ ਹਫੜਾ-ਦਫੜੀ ਮਚੀ ਹੋਈ ਤੇ ਸਿਲੰਡਰਾਂ ਦੀ ਬਲੈਕ ਚੱਲ ਪਈ ਹੈ। ਖਾਣ ਵਾਲੇ ਤੇਲਾਂ ਦੀਆਂ ਕੀਮਤਾਂ ਵਿੱਚ ਕੁਝ ਦਿਨਾਂ ਤੋਂ 500 ਤੋਂ ਲੈ ਕੇ 800 ਰੁਪਏ ਪ੍ਰਤੀ ਕੁਇੰਟਲ ਤੇਜ਼ੀ ਆ ਗਈ ਹੈ। ਰਿਫਾਈਂਡ ਤੇ ਸਰ੍ਹੋਂ ਦੇ ਤੇਲ ਦੀ ਕੀਮਤ ਪ੍ਰਤੀ ਕਿੱਲੋ 10 ਤੋਂ 15 ਰੁਪਏ ਵਧ ਗਈ ਹੈ। ਜੇ ਜੰਗ ਜਾਰੀ ਰਹੀ ਤਾਂ ਹੋਰ ਵਧੇਗੀ।

ਜਿਹੜੀਆਂ ਵਸਤਾਂ ਭਾਰਤ ਵਪਾਰ ਦੌਰਾਨ ਅਰਬ ਦੇਸ਼ਾਂ ਵਿੱਚ ਭੇਜਦਾ ਹੈ, ਉਸ ਵਿੱਚ ਬਾਸਮਤੀ ਦੇ ਚਾਵਲ ਵੀ ਹਨ। ਇਹ ਚਾਵਲ ਖਾੜੀ ਦੇਸ਼ਾਂ ਵਿੱਚ ਸਭ ਤੋਂ ਜ਼ਿਆਦਾ ਵਿਕਦੇ ਹਨ। ਜੰਗ ਨਾਲ ਆਵਾਜਾਈ ਪ੍ਰਭਾਵਤ ਹੋਣ ਕਰਕੇ ਚਾਵਲ ਦੇ ਆਰਡਰ ਘੱਟ ਗਏ ਹਨ। ਚਾਵਲ ਦੀ ਕੀਮਤ 10 ਰੁਪਏ ਪ੍ਰਤੀ ਕਿੱਲੋ ਡਿੱਗ ਪਈ ਹੈ। ਚੌਲਾਂ ਦੀ ਕੀਮਤ ਡਿੱਗਣ ਨਾਲ ਵਪਾਰਕ ਕਾਰੋਬਾਰੀਆਂ ਦੇ ਨੁਕਸਾਨ ਨਾਲ ਕਿਸਾਨਾਂ ਦਾ ਵੀ ਨੁਕਸਾਨ ਹੈ।

ਹਿੰਦੁਸਤਾਨ ਖਾੜੀ ਦੇਸ਼ਾਂ ਤੋਂ ਬਦਾਮ, ਗਿਰੀ, ਮੇਵੇ, ਕਾਲੀਆਂ ਮਿਰਚਾਂ ਆਦਿ ਹੋਰ ਵਸਤਾਂ ਖਰੀਦਦਾ ਹੈ ਅਤੇ ਆਵਾਜਾਈ ਰੁਕਣ ਕਰਕੇ ਇਨ੍ਹਾਂ ਦੀਆਂ ਕੀਮਤਾਂ ਵੀ 20 ਫੀਸਦੀ ਮਹਿੰਗੀਆਂ ਹੋ ਗਈਆਂ ਹਨ। ਦਵਾਈਆਂ, ਪੈਰਾਂ ਵਿੱਚ ਪੈਣ ਵਾਲੀਆਂ ਜੁੱਤੀਆਂ ਅਤੇ ਚੱਪਲਾਂ ਵੀ 30 ਫੀਸਦੀ ਦੇ ਕਰੀਬ ਮਹਿੰਗੀਆਂ ਹੋ ਗਈਆਂ ਹਨ। ਅਸਲ ਵਿੱਚ ਜੰਗ ਦਾ ਅਸਰ ਘਰ-ਘਰ ਪਹੁੰਚ ਗਿਆ ਹੈ। ਇਸੇ ਤਰ੍ਹਾਂ ਇਲੈਕਟ੍ਰਾਨਿਕਸ ਸਾਮਾਨ ਦੀ ਬਰਾਮਦ ਨਾਲ ਹਿੰਦੁਸਤਾਨ ਨੂੰ ਵੱਡਾ ਨੁਕਸਾਨ ਹੋਇਆ ਹੈ। ਅਮਰੀਕਾ -ਈਰਾਨ ਦੀ ਜੰਗ ਲੰਮੀ ਚਲਦੀ ਹੈ ਤਾਂ ਮੋਬਾਈਲ ਫੋਨ ਬਰਾਮਦ ਨੂੰ ਹੀ 2-3 ਅਰਬ ਡਾਲਰ ਤੱਕ ਦਾ ਨੁਕਸਾਨ ਹੋ ਸਕਦਾ ਹੈ। ਭਾਰਤ ਦੇ ਮੋਬਾਇਲ ਖਾੜੀ ਦੇਸ਼ਾਂ ਵਿੱਚ ਵੱਡੀ ਮਾਤਰਾ ਵਿੱਚ ਭੇਜੇ ਜਾਂਦੇ ਹਨ। ਹਕੀਕਤ ਵਿੱਚ ਖਾੜੀ ਦੇਸ਼ ਭਾਰਤ ਲਈ ਮੋਬਾਇਲ ਵਪਾਰ ਦੇ ਵੱਡੇ ਕੇਂਦਰ ਹਨ। ਜੇਕਰ ਅਰਬ ਖਿੱਤੇ ਦੇ ਇਹ ਹਾਲਾਤ ਰਹੇ ਤਾਂ ਭਾਰਤ ਦੇ ਇਲੈਕਟ੍ਰਾਨਿਕਸ ਬਰਾਮਦ ਇਲਾਕੇ ਲਈ ਇੱਕ ਵੱਡੀ ਸਮੱਸਿਆ ਬਣ ਸਕਦਾ ਹੈ।

ਜੰਗ ਦਾ ਅਸਰ ਭਾਰਤੀ ਹਵਾਈ ਜਹਾਜ਼ ਉਦਯੋਗ 'ਤੇ ਵੀ ਸਾਫ ਨਜ਼ਰ ਆ ਰਿਹਾ ਹੈ। ਭਾਰਤੀ ਹਵਾਈ ਕਾਰੋਬਾਰ ਅਰਬ ਦੇਸ਼ਾਂ ਨਾਲ ਕਾਫੀ ਜੁੜਿਆ ਹੈ। ਏਸ਼ੀਆ ਦੇ ਤਣਾਅ ਭਰੇ ਮਾਹੌਲ ਵਿੱਚ ਜਹਾਜ਼ਾਂ ਦੇ ਕਿਰਾਏ ਵਿੱਚ ਕਈ ਗੁਣਾਂ ਵਾਧਾ ਹੋ ਗਿਆ ਹੈ। ਕਈ ਰੂਟਾਂ ਦੀਆਂ ਟਿਕਟਾਂ ਦੀ ਕੀਮਤ 200 ਰੁਪਏ ਤੋਂ ਵਧ ਕੇ 2300/ ਰੁਪਏ ਤੱਕ ਪਹੁੰਚ ਗਈ ਹੈ। ਹਵਾਈ ਜਹਾਜ਼ਾਂ ਦੇ ਰੂਟ ਬਦਲਣ ਕਰਕੇ ਤੇਲ ਖਰਚੇ ਵਧ ਗਏ ਹਨ। ਇੰਡੀਅਨ ਹਵਾਈ ਜਹਾਜ਼ ਕੰਪਨੀਆਂ ਕੋਲ ਟਿਕਟਾਂ ਦੀ ਆਮਦਨ ਦਾ ਹਿੱਸਾ 51 ਫੀਸਦੀ ਖਾੜੀ ਦੇਸ਼ਾਂ 'ਚੋਂ ਆਉਂਦਾ ਹੈ।

ਜਦੋਂ ਅਮਰੀਕਾ-ਈਰਾਨ ਜੰਗ ਕਰਕੇ ਅੰਤਰਰਾਸ਼ਟਰੀ ਪੱਧਰ 'ਤੇ ਮਹਿੰਗਾਈ ਵਧੀ ਹੈ ਤਾਂ ਹਿੰਦੁਸਤਾਨ ਦੇ ਵਪਾਰੀ ਹਰੇਕ ਵਸਤੂ ਦੀਆਂ ਕੀਮਤਾਂ ਆਪਣੀ ਮਨਮਰਜ਼ੀ ਨਾਲ ਵਧਾ ਦਿੰਦੇ ਹਨ, ਕਿਉਂਕਿ ਹਿੰਦੁਸਤਾਨ ਦੀਆਂ ਸਰਮਾਏਦਾਰ ਸਰਕਾਰਾਂ ਬਣਦੀਆਂ ਤੇ ਚਲਦੀਆਂ ਹੀ ਕਾਰਪੋਰੇਟ ਘਰਾਣਿਆਂ ਤੇ ਵਪਾਰੀਆਂ ਦੇ ਕਹਿਣ 'ਤੇ ਹਨ। ਖੁਰਾਕੀ ਮਹਿੰਗਾਈ ਵਧ ਕੇ ਇੱਕ ਮਹੀਨੇ ਵਿੱਚ 2.13 ਫੀਸਦੀ ਤੋਂ ਵਧ ਕੇ 3.47 ਹੋ ਗਈ ਹੈ। ਜੇ ਜੰਗ ਲੰਮੀ ਚੱਲੀ ਤਾਂ ਵਿਸ਼ਵ ਵਿੱਚ ਭੁੱਖਮਰੀ ਦਾ ਸੰਕਟ ਪੈਦਾ ਹੋ ਸਕਦਾ ਹੈ।

# ਸੰਪਰਕ : 98760-78731

## ਪਾਠਕ-ਸੱਥ

### ਸਿੱਖਿਆ, ਰੋਜ਼ਗਾਰ ਤੇ ਨੌਜਵਾਨ

ਸਿੱਖਿਆ ਰਸਮੀ ਹੋਵੇ ਜਾਂ ਗੈਰ ਰਸਮੀ ਦੋਵਾਂ ਦੀ ਪ੍ਰਾਪਤੀ ਦਾ ਮੁੱਢਲਾ ਮਕਸਦ ਰੋਜ਼ਗਾਰ ਦੀ ਪ੍ਰਾਪਤੀ ਹੈ ਇਹ ਬਿਲਕੁਲ ਸਹੀ ਅਤੇ ਦਰੁਸਤ ਕਥਨ ਹੈ ਕਿਉਂਕਿ ਸਿਆਣੇ ਕਹਿੰਦੇ ਹਨ ਕਿ ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ ਭਾਵ ਰੋਜ਼ੀ ਰੋਟੀ ਸਭ ਤੋਂ ਪਹਿਲਾਂ ਬਾਕੀ ਸਭ ਬਾਅਦ ਵਿੱਚ। ਇੱਕ ਰਿਪੋਰਟ ਅਨੁਸਾਰ ਭਾਰਤ ਦੇ ਚਾਲੀ ਪ੍ਰਤੀਸ਼ਤ ਤੋਂ ਜ਼ਿਆਦਾ ਗ੍ਰੈਜੂਏਸ਼ਨ ਪ੍ਰਾਪਤ ਵਿਦਿਆਰਥੀ ਬੇਰੋਜ਼ਗਾਰ ਭਾਵ ਰੋਜ਼ਗਾਰ ਦੀ ਤਲਾਸ਼ ਵਿੱਚ ਹਨ।ਆਈ ਏ ਐੱਸ ਦੀ ਘੱਟੋ ਘੱਟ ਯੋਗਤਾ ਕਿਸੇ ਵੀ ਵਿਸ਼ੇ ਵਿੱਚ ਡਿਗਰੀ ਹੋਣਾ ਹੈ ਫ਼ਿਰ ਕੀ ਕਾਰਣ ਹਨ ਕਿ ਸਾਡੇ ਵਿਦਿਆਰਥੀ ਅੱਜ ਵੀ ਪੱਛੜੇ ਹਨ ਅਤੇ ਰੋਜ਼ਗਾਰ ਦੀ ਤਲਾਸ਼ ਵਿੱਚ ਭਟਕ ਰਹੇ ਹਨ। ਵਿਦਿਆਰਥੀਆਂ ਵਿੱਚ ਪੜ੍ਹਨ ਦੀ ਰੁਚੀ ਘਟੀ ਹੈ ਕਾਰਣ ਚਾਹੇ ਕੋਈ ਵੀ ਹੋਵੇ, ਚਾਹੇ ਉਹ ਸੋਸ਼ਲ ਮੀਡੀਆ ਦਾ ਵਧਦਾ ਰੁਝਾਨ ਹੋਵੇ ਜਾਂ ਬੇਰੋਜ਼ਗਾਰ ਨੌਜਵਾਨਾਂ ਦੀ ਹਾਲਤ ਦੇਖ ਕੇ ਕੀਤਾ ਤਰਸ, ਜਦੋਂ ਪੜ੍ਹ ਲਿਖ ਕੇ ਇੱਕ ਨੌਜਵਾਨ ਭਟਕਦਾ ਹੈ ਤਾਂ ਦੂਜੇ ਨੂੰ ਵੀ ਇਹ ਅਹਿਸਾਸ ਹੁੰਦਾ ਹੈ ਕਿ ਸ਼ਾਇਦ ਮੇਰੀ ਵੀ ਇਹ ਹਾਲਤ ਨਾ ਹੋ ਜਾਵੇ ਜਦਕਿ ਅਜਿਹਾ ਨਹੀਂ। ਪਹਿਲਾਂ ਤਾਂ ਸਾਨੂੰ ਇਹ ਮਿੱਥ ਹਟਾਉਣੀ ਹੋਵੇਗੀ ਕਿ ਸਿੱਖਿਆ ਪ੍ਰਾਪਤੀ ਕੇਵਲ ਰੋਜ਼ਗਾਰ ਲਈ ਹੈ। ਰੋਜ਼ਗਾਰ ਤਾਂ ਪ੍ਰਾਪਤ ਕਰਨਾ ਹੈ ਪਰੰਤੂ ਉਸ ਤੋਂ ਪਹਿਲਾਂ ਇੱਕ ਚੰਗਾ ਇਨਸਾਨ ਵੀ ਬਣਨਾ ਹੈ। ਰੋਜ਼ਗਾਰ ਤਾਂ ਬਹੁਤ ਹੈ, ਨੌਜਵਾਨ ਪ੍ਰਾਪਤ ਵੀ ਕਰ ਰਹੇ ਹਨ ਪਰੰਤੂ ਨੈਤਿਕਤਾ ਅਤੇ ਸਮਾਜਿਕ ਕਦਰਾਂ ਕੀਮਤਾਂ ਵਿੱਚ ਗਿਰਾਵਟ ਘਟਣ ਦੀ ਬਜਾਏ ਦਿਨੋਂ ਦਿਨ ਵਧ ਰਹੀ ਹੈ। ਪੜ੍ਹਾਈ ਅਸੀਂ ਆਪਣੇ ਲਈ ਕਰਨੀ ਹੈ ਕਿਸੇ ਲਈ ਨਹੀਂ।ਇਹ ਸਾਡਾ ਸ਼ੌਕ, ਸਾਡਾ ਜਨੂੰਨ ਹੋਣਾ ਚਾਹੀਦਾ ਹੈ ਨਾ ਕਿ ਮਜਬੂਰੀ।ਜਿਸ ਦਿਨ ਅਸੀਂ ਇਹ ਗੱਲ ਪੱਲੇ ਬੰਨ੍ਹ ਲਈ ਕਿ ਸਿੱਖਿਆ ਸਾਡੀ ਜ਼ਿੰਦਗੀ ਦੇ ਨਿਰਵਾਹ ਲਈ ਮਹੱਤਵਪੂਰਨ ਹੈ ਉਸ ਦਿਨ ਅਸੀਂ ਪੜ੍ਹਨਾ ਸ਼ੁਰੂ ਕਰ ਦੇਵਾਂਗੇ। ਕੋਈ ਵੀ ਡਿਗਰੀ ਡਿਪਲੋਮਾ ਮਾੜਾ ਨਹੀਂ ਅਤੇ ਨਾ ਹੀ ਕਿਸੇ ਦੀ ਮਹੱਤਤਾ ਘਟੀ ਹੈ, ਅਸੀਂ ਕਿਸੇ ਵੀ ਚੀਜ਼ ਨੂੰ ਕਿੰਨੇ ਸ਼ਿੱਦਤ ਨਾਲ ਕਰਦੇ ਹਾਂ ਮਹੱਤਤਾ ਇਸ ਦੀ ਹੈ।ਕੋਈ ਕੁੱਝ ਵੀ ਕਹੇ ਨਾ ਤਾਂ ਇਤਿਹਾਸ ਦੀ ਮਹੱਤਤਾ ਘਟੀ ਹੈ ਅਤੇ ਨਾ ਹੀ ਸਾਇੰਸ ਦੀ, ਆਪਣੀ ਆਪਣੀ ਜਗ੍ਹਾ ਸਭ ਸਹੀ ਹਨ। ਵਿਦਿਆਰਥੀ ਜੋ ਵੀ ਕਰਨਾ ਚਾਹੁੰਣ ਕਰਨ,ਪੂਰੀ ਤਨਦੇਹੀ ਨਾਲ ਜੇ ਉਹਨਾਂ ਦੀ ਮਿਹਨਤ ਸੱਚੀ ਅਤੇ ਲਗਨ ਅੱਛੀ ਹੋਵੇਗੀ ਤਾਂ ਸਫਲਤਾ ਇੱਕ ਦਿਨ ਜ਼ਰੂਰ ਕਦਮ ਚੁੰਮੇਗੀ।ਦੇਖਾ ਦੇਖੀ ਵਿੱਚ ਜਾਂ ਜਲਦਬਾਜ਼ੀ ਵਿੱਚ ਲਿਆ ਫ਼ੈਸਲਾ ਖਤਰਨਾਕ ਸਿੱਧ ਹੋ ਸਕਦਾ ਹੈ। ਕਿਤਾਬਾਂ ਨੂੰ ਪੜ੍ਹੋ ਜਦੋਂ ਅਸੀਂ ਪੜ੍ਹਾਂਗੇ ਤਾਂ ਯਕੀਨ ਕਰੋ ਇਹ ਜ਼ਰੂਰ ਕੁਝ ਨਾ ਕੁਝ ਦੇ ਕੇ ਹੀ ਜਾਣਗੀਆਂ। ਗ਼ੁਰਬਤ ਕਿਤਾਬਾਂ ਨਾਲ ਦੂਰ ਹੋਵੇਗੀ। ਰੋਜ਼ਗਾਰ ਵੀ ਮਿਲੇਗਾ, ਜ਼ਿੰਦਗੀ ਖ਼ੁਸ਼ਹਾਲ ਵੀ ਬਣੇਗੀ ਪ੍ਰੰਤੂ ਸਬਰ ਸੰਤੋਖ ਅਤੇ ਠਰੰਮਾ ਰੱਖ ਕੇ ਮਿਹਨਤ ਦਾ ਕੌੜਾ ਸਵਾਦ ਚੱਖਣਾ ਹੋਵੇਗਾ ਜਿਸਦਾ ਫਲ ਜ਼ਰੂਰ ਮਿੱਠਾ ਹੋਵੇਗਾ।

- ਰਜਵਿੰਦਰ ਪਾਲ ਸ਼ਰਮਾ, 70873-67969

# ਅਕਾਲੀ ਸਰਕਾਰ ਬਣਨ 'ਤੇ ਹਿਮਾਚਲ ਤੋਂ ਲੈ ਕੇ ਪਾਕਿਸਤਾਨ ਤੱਕ ਦਰਿਆਵਾਂ ਦੇ ਬੰਨ੍ਹ ਪੱਕੇ ਕੀਤੇ ਜਾਣਗੇ : ਸੁਖਬੀਰ ਬਾਦਲ




**ਸ਼ਾਹਕੋਟ (ਗਿਆਨ ਸੈਦਪੁਰੀ)** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਨਿਹੋਰਾ ਮਾਰਿਆ ਕਿ ਉਹਨਾਂ ਨੇ ਪਿਛਲੇ ਸਾਲਾਂ ਵਿੱਚ ਅਕਾਲੀ ਦਲ ਨੂੰ ਕਮਜ਼ੋਰ ਕੀਤਾ। ਇਸ ਨਾਲ ਲੋਕਾਂ ਅਤੇ ਖਾਲਸਾ ਪੰਥ ਦਾ ਹੀ ਨੁਕਸਾਨ ਹੋਇਆ। ਪੰਜਾਬ ਨੂੰ ਮੁੜ ਖੁਸ਼ਹਾਲੀ ਦੇ ਰਾਹ ਪਾਉਣ ਲਈ ਪੰਜਾਬ ਹਿਤੈਸ਼ੀ ਪਾਰਟੀ ਅਕਾਲੀ ਦਲ ਨੂੰ ਹੀ ਅੱਗੇ ਲਿਆਉਣਾ ਪਵੇਗਾ ਵਰਨਾ ਪੰਜਾਬ ਨੂੰ 'ਲੁਟੇਰੇ' ਤਬਾਹ ਕਰਕੇ ਰੱਖ ਦੇਣਗੇ। ਸੁਖਬੀਰ ਸਿੰਘ ਬਾਦਲ ਇੱਥੋਂ ਦੀ ਦਾਨਾ ਮੰਡੀ ਵਿੱਚ ਵਿਸ਼ਾਲ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਪਿਛਲੇ ਸਾਲਾਂ ਤੋਂ ਲੋਕ ਚੰਗੀ ਸਰਕਾਰ ਚੁਣਨ ਲਈ ਵੋਟਾਂ ਨਹੀਂ ਪਾਉਂਦੇ ਸਗੋਂ ਕਦੇ ਇੱਕ ਤੇ ਕਦੇ ਦੂਸਰੇ ਨੂੰ ਹਰਾਉਣ ਲਈ ਜ਼ੋਰ ਲਾ ਦਿੰਦੇ ਰਹੇ ਹਨ। ਇਸ ਵਰਤਾਰੇ ਨਾਲ ਪੰਜਾਬ ਨੂੰ ਅੱਜ ਬੁਰੇ ਦਿਨ ਦੇਖਣੇ ਪੈ ਰਹੇ ਹਨ। ਹੁਣ ਲੋੜ ਹੈ ਕਿ ਪੰਜਾਬ ਨੂੰ ਲੁੱਟਣ ਵਾਲਿਆਂ ਤੇ ਪੰਜਾਬ ਦੀ ਸੁੱਖ ਮੰਗਣ ਵਾਲੇ ਲੋਕਾਂ ਦੀ ਪਛਾਣ ਕਰਕੇ ਆਪਣੀਆਂ ਵੋਟਾਂ ਦਾ ਇਸਤੇਮਾਲ ਕਰੀਏ। ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਬਣਦੇ ਰਹੇ ਕਾਂਗਰਸੀ ਆਗੂਆਂ ਦੀਆਂ ਨਕਾਮੀਆਂ ਦੱਸਣ ਵਾਲੀ ਘਟਨਾ ਇੱਥੇ ਵੀ ਦੁਹਰਾਉਂਦਿਆਂ ਕਿਹਾ ਕਿ ਉਹਨਾਂ ਕੋਲੋਂ ਮੈਂ ਪੰਜਾਬ ਦੇ ਭਲੇ ਲਈ ਪੰਜ ਕੰਮਾਂ ਦੇ ਨਾਂਅ ਪੁੱਛੇ ਸਨ, ਪਰ ਕੋਈ ਇੱਕ ਵੀ ਨਾ ਦੱਸ ਨਾ ਸਕਿਆ। ਚਰਨਜੀਤ ਸਿੰਘ ਚੰਨੀ ਨੇ ਸਿਰਫ ਇਨਾ ਹੀ ਦੱਸਿਆ ਕਿ ਅਸੀਂ ਪੰਜਾਬ ਦੀਆਂ ਸੜਕਾਂ ਦਾ ਪੈਚ ਵਰਕ ਕਰਵਾਇਆ ਸੀ। ਬਾਦਲ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਵਿਕਾਸ ਲਈ ਜਿੰਨੇ ਵੀ ਪ੍ਰੋਜੈਕਟ ਨੇਪਰੇ ਚੜ੍ਹੇ, ਉਹ ਸਿਰਫ ਅਕਾਲੀ ਦਲ ਦੀ ਸਰਕਾਰ ਵੇਲੇ ਹੀ ਸੰਭਵ ਹੋ ਸਕੇ। ਉਹਨਾਂ ਕਿਹਾ ਕਿ 'ਆਪ' ਸਰਕਾਰ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਦੇਣ ਦੀਆਂ ਗੱਲਾਂ ਕਰ ਰਹੀ ਹੈ ਪਰ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਵਾਧੂ ਬਿਜਲੀ ਪੈਦਾ ਕਰਨ ਵਾਲਾ ਅਕਾਲੀ ਦਲ ਹੈ।ਅਕਾਲੀ ਦਲ ਨੇ ਥਰਮਲ ਪਲਾਂਟ ਦਾ ਨਿਰਮਾਣ ਕਰਵਾਇਆ। ਬਾਦਲ ਨੇ ਪ੍ਰੋਜੈਕਟਾਂ ਦੀ ਫਹਿਰਿਸ਼ਤ ਗਿਣਾਉਂਦਿਆਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਨੇ ਪੰਜਾਬ ਵਿੱਚ ਹਵਾਈ ਅੱਡੇ ਬਣਵਾਏ, ਸੜਕਾਂ ਦੇ ਜਾਲ ਵਿਛਾਏ। ਕਿਸਾਨਾਂ ਨੂੰ ਟਿਊਬਵੈਲ ਕੁਨੈਕਸ਼ਨ ਦੇਣ ਦਾ ਕੰਮ ਵੀ ਅਕਾਲੀ ਦਲ ਸਰਕਾਰ ਵੇਲੇ ਹੁੰਦਾ ਰਿਹਾ। ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪੰਜਾਬ ਦੀ ਤਕਦੀਰ ਬਦਲਣ ਦਾ ਦਾਅਵਾ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਉਹਨਾਂ ਦੇ ਦਿਮਾਗ ਵਿੱਚ ਨੌਜਵਾਨਾਂ ਦੇ ਬਿਹਤਰ ਭਵਿੱਖ ਲਈ ਇੱਕ ਨਕਸ਼ਾ ਹੈ। ਪੰਜਾਬ ਵਿੱਚ ਸਕਿੱਲਡ ਯੂਨੀਵਰਸਿਟੀਆਂ ਦਾ ਨਿਰਮਾਣ ਕੀਤਾ ਜਾਵੇਗਾ। ਇਥੋਂ ਕੰਮ ਵਿੱਚ ਪਰਬੀਨ ਹੋਣ ਵਾਲੇ ਨੌਜਵਾਨਾਂ ਨੂੰ ਆਪਣੇ ਕਾਰੋਬਾਰ ਚਲਾਉਣ ਲਈ 10-10 ਲੱਖ ਰੁਪਏ ਦਾ ਵਿਆਜ਼ ਮੁਕਤ ਕਰਜ਼ਾ ਦਿੱਤਾ ਜਾਵੇਗਾ।ਅਕਾਲੀ ਦਲ ਦੀ ਸਰਕਾਰ ਬਣਨ 'ਤੇ ਮੁੜ ਕਬੱਡੀ ਕੱਪ ਹੋਣਗੇ। ਇਸ ਤੋਂ ਪਹਿਲਾਂ ਅਕਾਲੀ ਦਲ ਦੇ ਹਲਕਾ ਇੰਚਾਰਜ ਤੇ ਜ਼ਿਲ੍ਹਾ ਜਥੇਦਾਰ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਨੇ ਹਲਕੇ ਨਾਲ ਸੰਬੰਧਿਤ ਮੁੱਖ ਮੰਗਾਂ ਬਾਰੇ ਸੁਖਬੀਰ ਸਿੰਘ ਬਾਦਲ ਨੂੰ ਜਾਣੂ ਕਰਵਾਇਆ। ਮੰਗਾਂ ਬਾਰੇ ਬੋਲਦਿਆਂ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਹਿਮਾਚਲ ਪ੍ਰਦੇਸ਼ ਤੋਂ ਲੈ ਕੇ ਪਾਕਿਸਤਾਨ ਤੱਕ ਦਰਿਆਵਾਂ ਦੇ ਬੰਨ੍ਹ ਸੀਮਿੰਟ ਨਾਲ ਪੱਕੇ ਕੀਤੇ ਜਾਣਗੇ। ਇਸ ਇਲਾਕੇ ਦੇ ਆਲੂ ਸਰਕਾਰ ਆਪ ਖਰੀਦੇਗੀ। ਇਸ ਨਾਲ ਆਲੂ ਉਤਪਾਦਕਾਂ ਨੂੰ ਵਾਜਬ ਭਾਅ ਮਿਲੇਗਾ। ਪੰਜਾਬ ਬਚਾਓ ਰੈਲੀ ਨੂੰ ਐੱਸ ਜੀ ਪੀ ਸੀ ਦੇ ਜੂਨੀਅਰ ਮੀਤ ਪ੍ਰਧਾਨ ਜਥੇਦਾਰ ਬਲਦੇਵ ਸਿੰਘ ਕਲਿਆਣ, ਅਕਾਲੀ ਦਲ ਦੇ ਸੀਨੀਅਰ ਆਗੂ ਤਜਿੰਦਰ ਸਿੰਘ ਰਾਮਪੁਰ, ਬਲਾਕ ਸੰਮਤੀ ਦੇ ਸਾਬਕਾ ਚੇਅਰਮੈਨ ਤੇਜਾ ਸਿੰਘ ਮਾਣਕਪੁਰ, ਸਾਬਕਾ ਐਮਡੀ ਜਥੇਦਾਰ ਕੇਵਲ ਸਿੰਘ ਰੂਪੇਵਾਲੀ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਦਲਜੀਤ ਸਿੰਘ ਕਾਹਲੋਂ ਤੇ ਹਰਵਿੰਦਰ ਸਿੰਘ ਸਰਕਲ ਪ੍ਰਧਾਨ ਦੋਨਾਂ ਨੇ ਵੀ ਸੰਬੋਧਨ ਕੀਤਾ। ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਨਾਇਬ ਸਿੰਘ ਕੋਹਾੜ, ਜਥੇਦਾਰ ਚਰਨ ਸਿੰਘ ਸਿੰਧੜ ਤੇ ਜਥੇਦਾਰ ਬਾਬਾ ਸਿੰਘ ਕੰਗ( ਦੋਵੇਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ), ਗੁਰਨੇਕ ਸਿੰਘ ਢਿੱਲੋਂ, ਤਲਵੰਤ ਸਿੰਘ ਸੰਧੂ ਸਰਕਲ ਪ੍ਰਧਾਨ, ਜਥੇਦਾਰ ਗੁਰਮੀਤ ਸਿੰਘ ਦਾਦੂਵਾਲ, ਸ਼ਹਿਰੀ ਪ੍ਰਧਾਨ ਜਸਵਿੰਦਰ ਸਿੰਘ ਪੋਪਲੀ, ਜਨਰਲ ਸਕੱਤਰ ਸੁਰਿੰਦਰ ਸਿੰਘ ਕਾਲਾ, ਗੁਰਦੀਪ ਸਿੰਘ ਗਰੇਵਾਲ ਆਦਿ ਸ਼ਾਮਿਲ ਸਨ।

# ਐੱਮ ਓ ਯੂ ਨਾਲ ਹਰ ਘਰ ਸਾਫ ਪਾਣੀ ਦੇ ਟੀਚੇ ਨੂੰ ਮਿਲੇਗੀ ਨਵੀਂ ਗਤੀ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਵਿੱਚ ਜਲ ਜੀਵਨ ਮਿਸ਼ਨ ਦੇ ਦੂਜੇ ਪੜਾਅ ਨੂੰ ਲਾਗੂ ਕਰਨ ਲਈ ਸ਼ੁਕਰਵਾਰ ਨੂੰ ਵਰਚੂਅਲ ਰਾਹੀਂ ਕੇਂਦਰੀ ਜਲ੍ਹ ਸ਼ਕਤੀ ਮੰਤਰੀ ਸੀਆਰ ਪਾਟਿਲ ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਮੌਜੂਦਗੀ ਵਿੱਚ ਕੇਂਦਰ ਸਰਕਾਰ ਤੇ ਹਰਿਆਣਾ ਸਰਕਾਰ ਦੇ ਵਿੱਚਕਾਰ ਸਮਝੌਤਾ ਮੈਮੋ (ਐੱਮ ਓ ਯੂ) 'ਤੇ ਦਸਤਖਤ ਕੀਤੇ ਗਏ। ਹਰਿਆਣਾ ਸਰਕਾਰ ਵੱਲੋਂ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਕਮਿਸ਼ਨਰ ਤੇ ਸਕੱਤਰ ਮੋਹਮਦ ਸ਼ਾਇਨ ਨੇ ਐੱਮ ਓ ਯੂ 'ਤੇ ਦਸਤਖਤ ਕੀਤੇ। ਐੱਮ ਓ ਯੂ ਸਾਈਨਿੰਗ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਚੰਡੀਗੜ੍ਹ ਤੋਂ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਸ਼ਾਮਿਲ ਹੋਏ। ਇਸ ਮੌਕੇ 'ਤੇ ਜਨਸਿਹਤ ਇੰਜੀਨੀਅਰਿੰਗ ਮੰਤਰੀ ਰਣਬੀਰ ਗੰਗਵਾ, ਮੁੱਖ ਸਕੱਤਰ ਅਨੁਰਾਗ ਰਸਤੋਗੀ ਅਤੇ ਮੁੱਖ ਮੰਤਰੀ ਦੇ ਉੱਪ ਪ੍ਰਧਾਨ ਸਕੱਤਰ ਯੱਸ਼ਪਾਲ ਮੌਜੂਦ ਰਹੇ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਲ ਜੀਵਨ ਮਿਸ਼ਨ 2.0 ਤਹਿਤ ਰਾਜ ਸਰਕਾਰਾਂ ਤੇ ਕੇਂਦਰ ਸਰਕਾਰ ਦੇ ਵਿੱਚ ਸਾਝੇਦਾਰੀ ਨੂੰ ਅੱਗੇ ਵਧਾਉਣ ਲਈ ਹੋਇਆ ਇਹ ਐਮਓਯੂ ਬਹੁਤ ਮਹਤੱਵਪੂਰਣ ਹੈ। ਜਲ ਜੀਵਨ ਮਿਸ਼ਨ ਦੇ ਦੂਜੇ ਪੜਾਅ ਵਿੱਚ ਸੂਬਾ ਸਰਕਾਰ ਦਾ ਧਿਆਨ ਸਿਰਫ ਜਲ੍ਹ ਸਪਲਾਈ ਤੱਕ ਸੀਮਤ ਨਹੀਂ ਰਹੇਗਾ ਸਗੋ ਉਸ ਦੀ ਗੁਣਵੱਤਾ, ਸਥਿਰਤਾ ਅਤੇ ਲੰਬੇ ਸਮੇਂ ਪ੍ਰਬੰਧਨ 'ਤੇ ਵੀ ਕੇਂਦ੍ਰਿਤ ਹੋਵੇਗਾ।



## ਸਕੂਲ ਵੈਨ ਖਰੀਦਣ ਲਈ ਅਮਰਜੀਤ ਸਿੰਘ ਨੇ 1000 ਕਨੇਡੀਅਨ ਡਾਲਰ ਦੀ ਸੇਵਾ ਕੀਤੀ

**ਅੱਡਾ ਸਰਾਂ (ਜਸਵੀਰ ਕਾਜਲ)**- ਬੀ ਐਸ ਡੀ ਸੀ. ਸੈ. ਸਕੂਲ ਪਿੰਡ ਕੰਧਾਲਾ ਜੱਟਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਕੂਲ ਵੈਨ ਖ਼੍ਰੀਦਣ ਲਈ ਜੋ 8 ਲੱਖ ਰੁਪਏ ਦੀ ਆਵੇਗੀ ,ਵਿੱਚ ਸ. ਅਮਰਜੀਤ ਸਿੰਘ ਧਾਲੀਵਾਲ ਕਨੇਡਾ ਨਿਵਾਸੀ ਨੇ 1000 ਡਾਲਰ ਦੀ ਸੇਵਾ ਕੀਤੀ। ਇਸ ਮੌਕੇ ਕਮੇਟੀ ਪ੍ਰਧਾਨ ਸਰਵਣ ਸਿੰਘ, ਮੌਜੂਦਾ ਪ੍ਰਿੰਸੀਪਲ ਬਲਦੇਵ ਸਿੰਘ ਰਿਟਾਇਰਡ ਪ੍ਰਿੰਸੀਪਲ ਪਰਮਿੰਦਰ ਸਿੰਘ ਢੱਟ, ਬਲਵੀਰ ਸਿੰਘ ਨੇ ਇਸ ਸੇਵਾ ਦੀ ਸ਼ੁਰੂਆਤ ਕਰਨ ਲਈ ਅਮਰਜੀਤ ਸਿੰਘ ਧਾਲੀਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਸਮੇਂ ਸਮੇਂ ਤੇ ਅਮਰਜੀਤ ਸਿੰਘ ਇਸ ਸਕੂਲ ਵਾਸਤੇ ਵਿਸ਼ੇਸ਼ ਸੇਵਾਵਾਂ ਨਿਭਾਉਂਦੇ ਰਹਿੰਦੇ ਹਨ। ਇਸ ਮੌਕੇ ਮਨਜੀਤ ਸਿੰਘ ਸੈਕਟਰੀ, ਮਨਜੀਤ ਸਿੰਘ ਧਾਲੀਵਾਲ, ਅੰਮ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ ਪ੍ਰਬੰਧਕ ਕਮੇਟੀ ਪਿੰਡ ਕੰਧਾਲਾ ਜੱਟਾਂ , ਸਮੂਹ ਸਕੂਲ ਸਟਾਫ ਮੈਂਬਰ ਤੇ ਹੋਰ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।



## ਗੋਲਡ ਮੈਡਲ ਜਿੱਤਣ 'ਤੇ ਪ੍ਰਭਵੀਰ ਸਿੰਘ ਕੈਂਥ ਸਨਮਾਨਤ

**ਬੰਗਾ (ਅਵਤਾਰ ਕਲੇਰ)** ਬੀਤੇ ਦਿਨੀ ਹਰਿਆਣਾ ਵਿਖੇ ਹੋਈ ਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਦੇ ਵਿੱਚੋਂ ਪ੍ਰਭਵੀਰ ਸਿੰਘ ਕੈਂਥ ਵੱਲੋਂ ਗੋਲਡ ਮੈਡਲ ਜਿੱਤਣ ਤੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਵੱਲੋਂ ਇਸ ਖਿਡਾਰੀ ਨੂੰ ਸਨਮਾਨਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਖਿਡਾਰੀ ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ ਤੇ ਪੰਜਾਬ ਦਾ ਨਾਂਅ ਉੱਚਾ ਕਰ ਰਿਹਾ ਹੈ ਜੋ ਕਿ ਸਾਡੇ ਇਲਾਕੇ ਲਈ ਬਹੁਤ ਮਾਣ ਵਾਲੀ ਗੱਲ ਹੈ। ਅੱਜ ਸਮੇਂ ਦੀ ਲੋੜ ਹੈ ਕਿ ਬੱਚਿਆਂ ਤੇ ਨੌਜਵਾਨਾਂ ਨੂੰ ਵੱਧ ਚੜ ਕੇ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਨੇ ਮਾਰਸ਼ਲ ਆਰਟ ਕੋਚ ਰਾਜਵੀਰ ਸਿੰਘ ਕੈਂਥ ਨੂੰ ਵੀ ਸਨਮਾਨਤ ਕਰਦੇ ਹੋਏ ਕਿਹਾ ਕੀ ਇਹਨਾਂ ਵੱਲੋਂ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਤੇ ਖਿਡਾਰੀ ਤਿਆਰ ਕੀਤੇ ਜਾ ਰਹੇ ਹਨ ਤੇ ਇਹਨਾਂ ਵੱਲੋਂ ਵੱਖ ਵੱਖ ਮੌਕਿਆਂ ਤੇ ਫਰੀ ਟ੍ਰੇਨਿੰਗ ਕੈਂਪ ਵੀ ਲਗਾਏ ਜਾਂਦੇ ਹਨ ਜੋ ਬਹੁਤ ਸ਼ਲਾਘਾਯੋਗ ਹੈ।



## ਪੰਜਾਬ ਸਰਕਾਰ ਪਿੰਡਾਂ 'ਚ ਸਰਬਪੱਖੀ ਵਿਕਾਸ ਲਈ ਵਚਨਬੱਧ : ਡਾ. ਰਵਜੋਤ ਸਿੰਘ



**ਹੁਸ਼ਿਆਰਪੁਰ, (ਓ ਪੀ ਰਾਣਾ)**- ਪੰਜਾਬ ਦੇ ਐੱਨ ਆਰ ਆਈ ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਨੇੜਲੇ ਪਿੰਡ ਫਤਹਿਪੁਰ ਵਿਖੇ ਛੱਪੜ ਦੇ ਨਵੀਨੀਕਰਨ ਅਤੇ ਹੋਰਨਾਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਵਿਕਾਸ ਕਾਰਜਾਂ ਲਈ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ।ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਐੱਨ ਆਰ ਆਈ ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਦੇ ਹਰ ਖੇਤਰ ਵਿਚ ਪਿਛਲੇ ਚਾਰ ਸਾਲਾਂ ਦੌਰਾਨ ਅਥਾਹ ਵਿਕਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਤੇ ਸਿਹਤ ਖੇਤਰ ਨੂੰ ਤਵੱਜੋਂ ਦਿੰਦਿਆਂ ਪੰਜਾਬ ਸਰਕਾਰ ਨੇ ਆਮ ਲੋਕਾਂ ਲਈ ਵੱਡੀਆਂ ਸਹੂਲਤਾਂ ਨੂੰ ਯਕੀਨੀ ਬਣਾਇਆ ਹੈ ਤੇ ਆਉਂਦੇ ਸਮੇਂ ਵਿਚ ਵੀ ਇਹ ਲੜੀ ਇਸੇ ਤਰ੍ਹਾਂ ਬਰਕਰਾਰ ਰਹੇਗੀ। ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਛੱਪੜ ਦੇ ਨਵੀਨੀਕਰਨ ਤੇ ਬਾਕੀ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਨਾਲ ਪਿੰਡ ਦੀ ਨੁਹਾਰ ਨੂੰ ਨਵਾਂ ਰੂਪ ਮਿਲੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਹੋਰਨਾਂ ਪਿੰਡਾਂ ਵਿਚ ਵੀ ਲੋੜੀਂਦੇ ਵਿਕਾਸ ਕਾਰਜਾਂ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਦਿਆਂ ਲੋਕਪੱਖੀ ਕਾਰਜ ਕਰਵਾਏ ਜਾਣਗੇ।

## ਔਰਤਾਂ ਦੇ ਮੁਫ਼ਤ ਬੱਸ ਸਫਰ 'ਤੇ 2042 ਕਰੋੜ ਖਰਚ ਕੀਤੇ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੇ ਸਸ਼ਕਤੀਕਰਨ ਲਈ ਲਗਾਤਾਰ ਢੁਕਵੇਂ ਅਤੇ ਲੋਕ-ਹਿਤੈਸ਼ੀ ਕਦਮ ਚੁੱਕੇ ਜਾ ਰਹੇ ਹਨ, ਜੋ ਉਹਨਾਂ ਦੀ ਜ਼ਿੰਦਗੀ ਵਿੱਚ ਅਸਲ ਬਦਲਾਅ ਲਿਆ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿੱਤੀ ਸਾਲ 2022-23 ਤੋਂ 2025-26 ਤੱਕ ਔਰਤਾਂ ਦੇ ਮੁਫ਼ਤ ਬਸ ਸਫਰ ਲਈ ਲਗਭਗ 2042 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਵਿੱਚ 2022-23 ਦੌਰਾਨ 495 ਕਰੋੜ, 2023-24 ਵਿੱਚ 497.50 ਕਰੋੜ, 2024-25 ਵਿੱਚ 450 ਕਰੋੜ ਅਤੇ 2025-26 ਵਿੱਚ 600 ਕਰੋੜ ਰੁਪਏ ਸ਼ਾਮਲ ਹਨ।ਉਨ੍ਹਾਂ ਹੋਰ ਦੱਸਿਆ ਕਿ ਇਸ ਸਕੀਮ ਤਹਿਤ ਹਰ ਮਹੀਨੇ ਲਗਭਗ 1 ਕਰੋੜ 20 ਲੱਖ ਮੁਫ਼ਤ ਬਸ ਸਫਰ ਦਾ ਲਾਭ ਪੰਜਾਬ ਭਰ ਦੀਆਂ ਮਹਿਲਾਵਾਂ ਵੱਲੋਂ ਲਿਆ ਜਾ ਰਿਹਾ ਹੈ, ਜੋ ਇਸ ਯੋਜਨਾ ਦੀ ਲੋਕਪ੍ਰਿਯਤਾ ਅਤੇ ਪ੍ਰਭਾਵਸ਼ੀਲਤਾ ਨੂੰ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ।ਸਮਾਜਿਕ ਸੁਰੱਖਿਆ ਮੰਤਰੀ ਨੇ ਕਿਹਾ ਇਹ ਸਹੂਲਤ ਸਿਰਫ਼ ਮੁਫ਼ਤ ਸਫਰ ਨਹੀਂ, ਸਗੋਂ ਮਹਿਲਾਵਾਂ ਦੀ ਜ਼ਿੰਦਗੀ ਵਿੱਚ ਆਜ਼ਾਦੀ ਅਤੇ ਵਿਸ਼ਵਾਸ ਦੀ ਨਵੀਂ ਲਹਿਰ ਹੈ। ਹੁਣ ਉਹ ਬਿਨਾਂ ਆਰਥਿਕ ਚਿੰਤਾ ਦੇ ਸਿੱਖਿਆ, ਰੋਜ਼ਗਾਰ ਅਤੇ ਸਿਹਤ ਸੇਵਾਵਾਂ ਤੱਕ ਆਸਾਨੀ ਨਾਲ ਪਹੁੰਚ ਰਹੀਆਂ ਹਨ, ਜਿਸ ਨਾਲ ਉਹ ਹੋਰ ਖੁਦ-ਮੁਖਤਿਆਰ ਅਤੇ ਮਜ਼ਬੂਤ ਬਣ ਰਹੀਆਂ ਹਨ।

## ਫਾਲਕਨ ਇੰਟਰਨੈਸ਼ਨਲ ਸਕੂਲ ਦਾ ਸਾਲਾਨਾ ਨਤੀਜਾ ਰਿਹਾ ਸ਼ਾਨਦਾਰ



**ਸੁਲਤਾਨਪੁਰ ਲੋਧੀ, (ਹਨੀ)**- ਫਾਲਕਨ ਇੰਟਰਨੈਸ਼ਨਲ ਸਕੂਲ ਦਾ ਨਰਸਰੀ ਤੋਂ ਤੀਜੀ ਜਮਾਤ ਦਾ ਸਾਲਾਨਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਾਇਸ ਪ੍ਰਿੰਸੀਪਲ ਰਵਿੰਦਰਜੀਤ ਕੌਰ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ, ਉੱਚ ਅੰਕ ਪ੍ਰਾਪਤ ਕੀਤੇ ਤੇ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੋਸ਼ਨ ਕੀਤਾ। ਇਸ ਦੌਰਾਨ ਪਹਿਲੇ, ਦੂਜੇ ਅਤੇ ਤੀਜੇ ਦਰਜੇ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਸਕੂਲ ਪਹੁੰਚ ਕੇ ਆਪਣੇ ਬੱਚਿਆਂ ਦਾ ਨਤੀਜਾ ਪ੍ਰਾਪਤ ਕੀਤਾ ਤੇ ਖੁਸ਼ੀ ਜਤਾਈ। ਵਾਈਸ ਪ੍ਰਿੰਸੀਪਲ ਰਵਿੰਦਜੀਤ ਕੌਰ, ਮੈਡਮ ਬਲਜੀਤ ਕੌਰ, ਸਰਬਜੀਤ ਕੌਰ, ਬਲਜੀਤ ਕੌਰ, ਰਸ਼ਮੀ, ਪੂਜਾ ਸਹੋਤਾ, ਕਿਰਨ, ਕਰਮਦੀਪ ਕੌਰ, ਹਰਸ਼ ਆਦਿ ਸਟਾਫ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਨੂੰ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ । ਸਕੂਲ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋ ਤੇ ਮੈਨੇਜਿੰਗ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋ ਨੇ ਕਿਹਾ ਕਿ ਵਿਦਿਆਰਥੀਆਂ ਦੀ ਕਾਮਯਾਬੀ ਵਿੱਚ ਅਧਿਆਪਕਾਂ ਦੇ ਨਾਲ ਮਾਪਿਆਂ ਦੀ ਭੂਮਿਕਾ ਵੀ ਮਹੱਤਵਪੂਰਨ ਹੁੰਦੀ ਹੈ।

## ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਨੇ ਕੀਤਾ ਅਨਾਜ ਮੰਡੀ ਦਾ ਅਚਾਨਕ ਨਿਰੀਖਣ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਰਾਜੇਸ਼ ਨਾਗਰ ਨੇ ਘਰੌਂਡਾ ਅਨਾਜ ਮੰਡੀ ਦਾ ਅਚਾਨਕ ਨਿਰੀਖਣ ਕੀਤਾ ਅਤੇ ਮੰਡੀ ਆੜਤੀਆਂ ਅਤੇ ਕਿਸਾਨਾਂ ਨਾਲ ਗਲਬਾਤ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਆਉਣ ਵਾਲੇ ਕਣਕ ਦੇ ਸੀਜ਼ਨ ਨੂੰ ਲੈ ਕੇ ਖਰੀਦ ਪ੍ਰਬੰਧਾਂ ਨੂੰ ਸਮੇਂ ਰਹਿੰਦੇ ਪੂਰਾ ਕਰਨ ਅਤੇ ਕਿਸਾਨਾਂ ਲਈ ਮੰਡੀਆਂ ਵਿੱਚ ਸਾਫ ਪੀਣ ਦੇ ਪਾਣੀ, ਪਖਾਨਿਆਂ, ਬਿਜਲੀ, ਕੈਂਟੀਨ, ਸ਼ੈਡ ਤੇ ਸੜਕਾਂ ਦੀ ਮੁਰੰਮਤ ਕਰਵਾਈ ਜਾਵੇ।

ਸਰੋਂ ਦੀ ਖਰੀਦ ਵਿੱਚ ਵੀ ਕਿਸੇ ਤਰ੍ਹਾ ਦੀ ਲਾਪ੍ਰਵਾਹੀ ਨਾ ਵਰਤਣ ਅਤੇ ਕਿਸਾਨਾਂ ਨੂੰ ਕਈ ਮੁਸ਼ਕਲ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਨੇ ਮੀਡੀਆ ਨਾਲ ਗਲਬਾਤ ਦੌਰਾਨ ਕਿਹਾ ਕਿ ਮੰਡੀਆਂ ਤੋਂ ਕਣਕ ਚੁੱਕਣ ਲਈ ਕਾਫੀ ਗਿਣਤੀ ਵਿੱਚ ਵਾਹਨ ਉਪਲਬਧ ਕਰਵਾਉਣ ਲਈ ਟੈਂਡਰ ਲੱਗ ਚੁੱਕਾ ਹੈ, ਜਲਦੀ ਹੀ ਟਰੱਕਾਂ ਦੀ ਵਿਵਸਥਾ ਯਕੀਨੀ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਬਾਰਦਾਨੇ ਦੀ ਕਾਫੀ ਗਿਣਤੀ ਵਿੱਚ ਵਿਵਸਥਾ ਕਰਵਾਈ ਜਾ ਰਹੀ ਹੈ ਅਤੇ ਸਾਰੇ ਖਰੀਦ ਏਜੰਸੀਆਂ ਨੂੰ ਵੀ ਸਰਕਾਰ ਵੱਲੋਂ ਜਰੂਰੀ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਉਹ ਵਿਭਾਗਾਂ ਨਾਲ ਸਬੰਧਿਤ ਸਾਰੀ ਤਿਆਰੀਆਂ ਜਲਦੀ ਪੂਰੀਆਂ ਕਰਨਗੇ।

# ਸਾਲਾਨਾ ਗੁਰਮਤਿ ਸਮਾਗਮ ਸ਼ੁਰੂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਅਜਨੋਹਾ ਵਿਖੇ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਐੱਨ ਆਰ ਆਈ ਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਰਭੈ ਯੋਧੇ ਅਕਾਲੀ ਬਾਬਾ ਫੂਲਾ ਸਿੰਘ ਦੀ ਪਵਿੱਤਰ ਯਾਦ ਵਿੱਚ 85ਵਾਂ ਤੇ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ 44ਵੀਂ ਯਾਦ ਵਿੱਚ ਸਾਲਾਨਾ ਗੁਰਮਤਿ ਸਮਾਗਮ 22 ਮਾਰਚ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਬਲਵਿੰਦਰ ਸਿੰਘ ਅਜਨੋਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਗਮ ਦੌਰਾਨ 20 ਮਾਰਚ ਨੂੰ ਸਵੇਰੇ 10 ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਗਏ । ਉਨ੍ਹਾਂ ਦੱਸਿਆ ਕਿ 21-22 ਮਾਰਚ ਨੂੰ ਸਵੇਰੇ 5 ਤੋ 7 ਵਜੇ ਤੱਕ ਆਸਾ ਕੀ ਵਾਰ ਦਾ ਕੀਰਤਨ ਹੋਵੇਗਾ ਤੇ ਸਵੇਰੇ 7 ਤੋਂ 8.30 ਵਜੇ ਤੱਕ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 22 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਜਥੇਦਾਰ ਗੁਰਮੀਤ ਸਿੰਘ ਕਾਰ ਸੇਵਾ ਨਡਾਲੋ, ਭਾਈ ਭੁਪਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਵਡਾਲਾ ਕਥਾ ਵਾਚਕ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਸਾਹਿਬ, ਭਾਈ ਸੁਖਦੇਵ ਸਿੰਘ ਨਡਾਲੋ, ਭਾਈ ਸਤਨਾਮ ਸਿੰਘ ਹੈਡ ਗ੍ਰੰਥੀ ਅਜਨੋਹਾ, ਭਾਈ ਵੀਰ ਜਤਿੰਦਰ ਸਿੰਘ ਮਾਲਕਪੁਰ, ਭਾਈ ਦੀਦਾਰ ਸਿੰਘ ਸੰਗਤਪੁਰ ਇੰਟਰਨੈਸ਼ਨਲ ਢਾਡੀ ਜੱਥਾ, ਭਾਈ ਜਗਦੀਸ਼ ਸਿੰਘ ਵਡਾਲਾ ਢਾਡੀ ਜੱਥਾ, ਬੀਬੀ ਦਲੇਰ ਕੌਰ ਖਾਲਸਾ ਇੰਟਰਨੈਸ਼ਨਲ ਢਾਡੀ ਜੱਥਾ, ਗੁਰਮਤਿ ਸਿਧਾਂਤ ਪ੍ਰਚਾਰਕ ਜੱਥਾ ਸੰਪਰਦਾਇ ਰਾੜਾ ਸਾਹਿਬ ਢੱਡਰੀਆਂ ਵਾਲੇ, ਭਾਈ ਸਤਪਾਲ ਸਿੰਘ ਐਮ ਏ ਮੋਹਨਪੁਰ ਤਰਨ ਤਾਰਨ ਵਾਲੇ ਆਦਿ ਗੁਰਬਾਣੀ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਗਮ ਦੌਰਾਨ ਚਾਹ ਪਕੌੜੇ ਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

## 'ਰੌਣਕਾਂ ਵਿਸਾਖੀ ਦੀਆਂ' ਡੀ ਡੀ ਪੰਜਾਬੀ ਚੈਨਲ ਤੇ 14 ਅਪ੍ਰੈਲ ਨੂੰ

**ਕਪੂਰਥਲਾ (ਮਨਜੀਤ ਮਾਨ)**- ਪੰਜਾਬੀ ਸੰਗੀਤ ਇੰਡਸਟਰੀ ਵਿੱਚ ਰੰਗਾਰੰਗ ਪ੍ਰੋਗਰਾਮ ਠੁਮਕੇ ਤੇ ਠੁਮਕਾ, ਮੁਬਾਰਕਾਂ 2026 ਨੂੰ ਭਰਵਾਂ ਹੁੰਗਾਰਾ ਮਿਲਣ ਤੋ ਬਾਅਦ ਵਿਸਾਖੀ ਦੇ ਸ਼ੁੱਭ ਦਿਹਾੜੇ ਤੇ ਰੰਗਾਰੰਗ ਪ੍ਰੋਗਰਾਮ ਰੌਣਕਾਂ ਵਿਸਾਖੀ ਦੀਆਂ ਡੀ ਡੀ ਪੰਜਾਬੀ ਚੈਨਲ ਦੂਰਦਰਸ਼ਨ ਕੇਂਦਰ ਜਲੰਧਰ ਤੇ 14 ਅਪ੍ਰੈਲ ਮੰਗਲਵਾਰ ਰਾਤ 10 ਵਜੇ ਟੈਲੀਕਾਸਟ ਹੋ ਰਿਹਾ ਹੈ।ਇਸ ਰੰਗਾਰੰਗ ਪ੍ਰੋਗਰਾਮ ਰੌਣਕਾਂ ਵਿਸਾਖੀ ਦੀਆਂ ਵਿੱਚ ਪੰਜਾਬ ਦੇ ਵੱਖ ਵੱਖ ਸਟਾਰ ਕਲਾਕਾਰਾਂ ਤੋਂ ਇਲਾਵਾ ਨਵੇਂ ਕਲਾਕਾਰ, ਕਾਮੇਡੀ ਕਲਾਕਾਰ ਵੀ ਹਾਜ਼ਰੀ ਭਰਨਗੇ।ਇਸ ਵੰਨਗੀ ਭਰੇ ਪ੍ਰੋਗਰਾਮ ਵਿੱਚ ਗੀਤਾਂ ਤੋਂ ਇਲਾਵਾ ਕਾਮੇਡੀ ਕਲਾਕਾਰ ਵੀ ਆਪਣੀ ਹਾਜ਼ਰੀ ਭਰਨਗੇ।ਇਸ ਰੰਗਾਰੰਗ ਪ੍ਰੋਗਰਾਮ ਦੇ ਪ੍ਰੋਡਿਊਸਰ ਮਨੋਹਰ ਧਾਰੀਵਾਲ , ਪੀਟਰ ਸਫ਼ਰੀ,ਜੱਗੀ ਭੁਲੱਥ,ਪ੍ਰਮੋਟਰ ਸੰਨੀ ਸਹੋਤਾ ਹਨ। ਇਹ ਇਹ ਰੰਗਾਰੰਗ ਪ੍ਰੋਗਰਾਮ ਰੌਣਕਾਂ ਵਿਸਾਖੀ ਦੀਆਂ 14 ਅਪ੍ਰੈਲ ਨੂੰ ਰਾਤ 10 ਵਜੇ ਡੀ ਡੀ ਪੰਜਾਬੀ ਚੈਨਲ ਦੂਰਦਰਸ਼ਨ ਕੇਂਦਰ ਜਲੰਧਰ ਤੇ ਟੈਲੀਕਾਸਟ ਕੀਤਾ ਜਾਵੇਗਾ।

## ਆਪ੍ਰੇਸ਼ਨ ਕਾਸੋ ਅਧੀਨ ਨਸ਼ਾ ਸਮਗਲਰਾਂ ਦੀ ਤਲਾਸ਼ੀ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਪੰਜਾਬ ਪੁਲਸ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਦਿੱਤੀਆਂ ਹਦਾਇਤਾਂ ਤੇ ਅਮਲ ਕਰਦਿਆਂ ਡੀਐਸਪੀ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਇੱਥੋਂ ਦੀ ਪੁਲਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਚਲਾਈ ਮੁਹਿੰਮ 'ਕੋਰਡੇਨ ਐਂਡ ਸਰਚ ਆਪ੍ਰੇਸ਼ਨ' (ਕਾਸੋ) ਅਧੀਨ ਇੰਦਰਾ ਕਲੋਨੀ ਤੇ ਬੱਸ ਸਟੈਂਡ ਵਿੱਚ ਨਸ਼ਾ ਤਸਕਰਾਂ ਤੇ ਸ਼ੱਕੀ ਵਿਅਕਤੀਆਂ ਸਬੰਧੀ ਤਲਾਸ਼ੀ ਕੀਤੀ ਗਈ ਹੈ । ਇਸੇ ਦੌਰਾਨ ਕਲੋਨੀ ਵਿੱਚੋਂ ਮਿਲੇ ਤਿੰਨ ਸ਼ੱਕੀ ਮੋਟਰਸਾਈਕਲ ਪੁਲੀਸ ਨੇ ਥਾਣੇ ਵਿੱਚ ਬੰਦ ਕਰ ਦਿੱਤੇ ਹਨ। ਥਾਣਾ ਮੁਖੀ ਰਜਿੰਦਰ ਕੁਮਾਰ ਨੇ ਦੱਸਿਆ ਕਿ ਉੱਚ ਪੁਲਸ ਅਧਿਕਾਰੀਆਂ ਦੇ ਹੁਕਮਾਂ ਤਹਿਤ ਇਸ ਆਪ੍ਰੇਸ਼ਨ ਅਧੀਨ ਪਹਿਲਾਂ ਤੋਂ ਹੀ ਨਸ਼ਿਆਂ ਦੇ ਮਾਮਲੇ ਵਿੱਚ ਸ਼ਾਮਿਲ ਅਤੇ ਸ਼ੱਕੀ ਵਿਅਕਤੀਆਂ ਦੇ ਘਰਾਂ ਵਿੱਚ ਪੁਲਸ ਵੱਲੋ ਬਰੀਕੀ ਨਾਲ ਜਾਂਚ ਪੜਤਾਲ ਕੀਤੀ ਗਈ। ਇਸ ਆਪ੍ਰੇਸ਼ਨ ਤਹਿਤ ਪੁਲਸ ਵੱਲੋਂ ਇੰਦਰਾ ਕਲੋਨੀ ਅਤੇ ਬੱਸ ਸਟੈਂਡ ਦੀ ਬਰੀਕੀ ਨਾਲ ਤਲਾਸ਼ੀ ਕੀਤੀ ਗਈ।ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਅਮਨ ਸ਼ਾਂਤੀ ਬਰਕਰਾਰ ਰੱਖਣ ਲਈ ਪੁਲਸ ਵੱਲੋਂ ਇਹ ਆਪ੍ਰੇਸ਼ਨ ਚਲਾਇਆ ਜਾ ਰਿਹਾ ਹੈ।ਡੀ ਐੱਸ ਪੀ ਮਨਜੀਤ ਸਿੰਘ ਔਲਖ ਨੇ ਸ਼ਰਾਰਤੀ ਅਨਸਰਾਂ ਅਤੇ ਨਸ਼ੇ ਦਾ ਧੰਦਾ ਕਰਨ ਵਾਲੇ ਲੋਕਾਂ ਨੂੰ ਇਹ ਧੰਦਾ ਛੱਡਣ ਦੀ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਜਲਦੀ ਹੀ ਇਸ ਤੋਂ ਪਿੱਛੇ ਹਟ ਜਾਣ ਨਹੀਂ ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਵਰ੍ਹੇਗੰਢ ਮੁਬਾਰਕ



ਬਲਦੇਵ ਰਾਜ ਅਤੇ ਬਲਵਿੰਦਰ ਕੌਰ ਵਾਸੀ ਮਹਿਤਪੁਰ ਨੇ ਆਪਣੇ ਵਿਆਹ ਦੀ 27ਵੀਂ ਵਰ੍ਹੇਗੰਢ ਮਨਾਈ।



ਕੁਲਵੰਤ ਸਿੰਘ ਅਤੇ ਜਗਵੰਤ ਕੌਰ ਨੇ ਆਪਣੇ ਵਿਆਹ ਦੀ 27ਵੀਂ ਵਰ੍ਹੇਗੰਢ ਮਨਾਈ।

# ਨੰਬਰਦਾਰ ਯੂਨੀਅਨ ਦਾ ਝੰਡਾ ਦਿਵਸ 26 ਨੂੰ

**ਨਕੋਦਰ, (ਮਨਜੀਤ ਮਾਨ)**- ਨੰਬਰਦਾਰ ਯੂਨੀਅਨ ਰਜਿਸਟਰ 643 ਨਕੋਦਰ ਦੀ ਇੱਕ ਵਿਸ਼ੇਸ਼ ਮੀਟਿੰਗ ਤਹਿਸੀਲ ਪ੍ਰਦਾਨ ਨਕੋਦਰ ਸਰਜੀਤ ਸਿੰਘ ਹੇਅਰ ਦੀ ਪ੍ਰਧਾਨਗੀ ਹੇਠ ਯੂਨੀਅਨ ਦੇ ਦਫਤਰ ਵਿਖੇ ਕੀਤੀ ਗਈ । ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਕੰਵਲ ਸਿੰਘ ਮੁੰਧ ਸੀਨੀਅਰ ਵਾਈਸ ਪ੍ਰਧਾਨ ਪੰਜਾਬ ਨੇ ਕਿਹਾ ਕਿ ਨੰਬਰਦਾਰ ਯੂਨੀਅਨ ਪੰਜਾਬ ਰਜਿਸਟਰ 643 ਦਾ ਝੰਡਾ ਦਿਵਸ ਪੂਰੇ ਪੰਜਾਬ ਵਿੱਚ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ। ਇਸ ਤਹਿਤ ਨੰਬਰਦਾਰ ਯੂਨੀਅਨ ਸ਼ਾਹਰੀ ਦੇ ਪ੍ਰਧਾਨ ਗੁਰਦੇਵ ਲਾਲ ਸੰਧੂ ਦੀ ਅਗਵਾਈ ਵਿੱਚ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਖੇ 26 ਮਾਰਚ ਨੂੰ ਸਵੇਰੇ 10 ਵਜੇ ਵੱਡੇ ਪੱਧਰ ਤੇ ਮਨਾਇਆ ਜਾਵੇਗਾ । ਇਸ ਮੌਕੇ ਨੰਬਰਦਾਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪਾਲ ਸਿੰਘ ਸਮਰਾ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਹ ਨੰਬਰਦਾਰਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਸੰਬੰਧੀ ਤੇ ਸਰਕਾਰ ਵੱਲੋਂ ਨੰਬਰਦਾਰਾਂ ਦੀਆਂ ਹੱਕੀ ਮੰਗਾਂ ਨਾ ਮੰਨੇ ਜਾਣ ਸੰਬੰਧੀ ਆਪਣੀ ਰਣਨੀਤੀ ਦਾ ਐਲਾਨ ਕਰਨਗੇ।ਇਸ ਮੌਕੇ ਸੂਬਾ ਬਾਡੀ ਦੇ ਮੈਂਬਰ ਤੇ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨ ਆਪਣੇ ਸਾਥੀਆਂ ਸਮੇਤ ਪਹੁੰਚਣਗੇ। ਮੁੰਧ ਨੇ ਜਲੰਧਰ ਸ਼ਹਿਰੀ ਤੇ ਦਿਹਾਤੀ ਨੰਬਰਦਾਰਾਂ ਨੂੰ ਅਪੀਲ ਕੀਤੀ ਕਿ ਉਹ ਝੰਡਾ ਦਿਵਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚਣ।ਇਸ ਮੌਕੇ ਹਰਕੰਵਲ ਸਿੰਘ ਮੁੰਧ ਸੀਨੀਅਰ ਵਾਈਸ ਪ੍ਰਧਾਨ ਨੰਬਰਦਾਰ ਯੂਨੀਅਨ ਪੰਜਾਬ, ਸੁਰਜੀਤ ਸਿੰਘ ਹੇਅਰ ਤਹਿਸੀਲ ਪ੍ਰਧਾਨ ਨਕੋਦਰ, ਰਾਜ ਕੁਮਾਰ ਮਹਿੰਮੀ ਜ਼ਿਲ੍ਹਾ ਜਨਰਲ ਸਕੱਤਰ ਜਲੰਧਰ ਦਿਹਾਤੀ, ਕੁਲਰਾਜ ਸਿੰਘ ਮੁਹੇਮ, ਸੁਖਦੇਵ ਸਿੰਘ, ਅਜੈਬ ਸਿੰਘ ਸੰਗੋਵਾਲ, ਰਤਨ ਰਾਏ,ਲਾਭ ਸਿੰਘ ਸਰਪ੍ਰਸਤ ਮਹਿਤਪੁਰ, ਨਿਰਮਲ ਸਿੰਘ ਬੀਰਪਿੰਡ, ਪਿਆਰਾ ਸਿੰਘ, ਜੁਗਰਾਜ ਸਿੰਘ ਮੀਰਪੁਰ, ਕਮਲਜੀਤ ਸਿੰਘ ਆਲੋਵਾਲ, ਅਮਨਦੀਪ ਸਿੰਘ ਸਿਆਣੀਵਾਲ, ਪਿਆਰਾ ਸਿੰਘ ਬਾੜਾ ਸਲਾਮ, ਜਗਦੀਸ਼ ਸਿੰਘ ਮਾਹੂਵਾਲ, ਗੁਰਸ਼ਰਨ ਸਿੰਘ ਮਾਹੂਵਾਲ, ਬਲਵੀਰ ਸਿੰਘ ਮੱਟੂ, ਮਨਪ੍ਰੀਤ ਸਿੰਘ, ਜੀਵਨ ਨੰਗਲ, ਸੇਵਾ ਸਿੰਘ ਸਹਿਮ, ਮੱਖਣ ਸਿੰਘ ਸੰਧੂ, ਜਰਨੈਲ ਸਿੰਘ ਮਹਿਤਪੁਰ ਤੋਂ ਇਲਾਵਾ ਅਨੇਕਾਂ ਹਾਜ਼ਰ ਸਨ।



## ਬਹੂਆ 'ਚ ਛਿੰਝ ਮੇਲਾ ਭਲਕੇ

**ਬੰਗਾ (ਅਵਤਾਰ ਕਲੇਰ)** ਬੰਗਾ ਹਲਕੇ ਦੇ ਪਿੰਡ ਬਹੂਆ 'ਚ ਛਿੰਝ ਮੇਲਾ ਕਰਾਉਣ ਸਬੰਧੀ ਮੀਟਿੰਗ ਕੀਤੀ ਗਈ। ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਨਗਰ ਦੀ ਸ਼ੁੱਖ-ਸ਼ਾਂਤੀ ਲਈ ਇਹ ਛਿੰਝ 22 ਮਾਰਚ ਦਿਨ ਐਤਵਾਰ ਨੂੰ ਸਮੂਹ ਨਗਰ ਨਿਵਾਸੀਆਂ, ਸਮੂਹ ਪੰਚਾਇਤ ਤੇ ਐੱਨ ਆਰ ਆਈ ਦੇ ਸਹਿਯੋਗ ਨਾਲ ਕਰਵਾਈ ਜਾਵੇਗੀ ਅਤੇ ਸ਼ਨੀਵਾਰ 21 ਮਾਰਚ ਨੂੰ ਪਿੜ ਹੋਵੇਗਾ। ਉਨ੍ਹਾਂ ਹੋਰ ਕਿਹਾ ਕਿ ਸਿਰਫ ਸੱਦੇ ਹੋਏ ਪਹਿਲਵਾਨਾਂ ਦੀਆਂ ਕੁਸ਼ਤੀਆਂ ਹੀ ਕਰਵਾਈਆਂ ਜਾਣਗੀਆਂ।

ਇਸ ਮੌਕੇ ਅਮਨਪ੍ਰੀਤ ਸਰਪੰਚ, ਸਾਬਕਾ ਸਰਪੰਚ ਗੁਰਦਿਆਲ ਸਿੰਘ ਕੈਨੇਡਾ, ਗੁਰਮੀਤ ਸਿੰਘ, ਮੱਖਣ ਸਿੰਘ ਪੰਚ, ਕੁਲਵੀਰ ਸਿੰਘ, ਛਿੰਦਾ, ਰਘਵੀਰ ਸਿੰਘ, ਅਮਰਜੀਤ ਸਿੰਘ ਸ਼ੇਰਗਿੱਲ ਪੰਚ,ਅਵਤਾਰ ਸਿੰਘ, ਸੰਦੀਪ ਸਿੰਘ, ਸੁਰਿੰਦਰ ਸਿੰਘ, ਮਨਵਿੰਦਰ ਸਿੰਘ, ਜਸਵੰਤ ਸਿੰਘ ਤੇ ਗੁਰਵਿੰਦਰ ਗਿੰਦਾ ਆਦਿ ਹਾਜ਼ਰ ਸਨ।

LOVELY PROFESSIONAL UNIVERSITY
Transforming Education Transforming India
NAAC GRADE A++

INVITING PEOPLE FROM ACADEMIA AND INDUSTRY for the Positions of

**Deans/Additional Deans/Associate Deans in the following Disciplines**

- Engineering
- Research & Development
- Computer Science & Engg.
- Computer Applications
- Electronics & Electrical Engg.
- Mechanical Engineering
- Agriculture
- Food Tech. & Nutrition Dietetics
- Bioengineering & Biosciences
- Civil Engineering
- Physical Sciences
- Management
- Architecture
- Interior Design
- Product Design
- Law
- Education
- ITEP
- ISITEP
- Physical Education
- Social Sciences & Languages
- Journalism
- Film, Theatre & Music
- Fashion Design
- Hotel Management
- Tourism & Airlines
- Design (Multimedia)
- Fine Arts
- Pharmaceutical Sciences
- Physiotherapy
- Medical Laboratory Sciences

**Professors/Associate Professors/Assistant Professors in the following Disciplines**

- Computer Science & Engineering
- AI and ML/ Data Science/ Data Engineering
- Cyber Security/ DevOps/ Programming
- Computer Applications & IT
- Electronics & Electrical Engineering
- Robotics and Automation/ VLSI
- Embedded System/ Electric Vehicle
- Mechanical Engg./ Aerospace Engg.
- Automobile Engg./ Mechatronics Engg.
- Civil Engineering/ Chemical Engineering
- Biotechnology/ Microbiology
- Bioinformatics/ Biomedical/ Biochemistry
- Forensic Science/ Botany/Zoology
- Physics/ Chemistry/ Maths/ Statistics
- Agriculture/ Food Technology
- Nutrition and Dietetics
- Pharmaceutical Sciences/Ayurvedic Pharmacy
- Physiotherapy/Medical Lab. Sciences
- Anaesthesia and Operation Theatre
- Embryology/Clinical Biochemistry/Optometry
- Pathology/ Haematology/ Histopathology
- English/ Hindi/Punjabi/ Sociology
- Geography/ History/ Political Science
- Psychology/ Clinical Psychology
- Law/ Public Administration
- Library Sciences
- Business Analytics/ Digital Marketing
- Marketing/ Finance/ Fintech/ Statistics
- HR/ Operations/ Economics
- Agri Business Management/ Commerce
- Banking & Insurance/ HR Analytics
- International Business/Strategy
- E-Commerce/Entrepreneurship
- Hotel Management/ Tourism & Airlines
- Film & TV Production
- Journalism & Mass Communication
- Multimedia & Animation
- Gaming, Graphics and UI/ UX
- Fashion Design/Fashion Technology
- Architecture/ Urban Planning
- Design
- Interior & Furniture Design
- Interaction Design(UI/UX)
- Product & Industrial Design
- Fine Arts/ Performing Arts
- Education/ ITEP/ ISITEP (MD)
- Physical Education/ Yoga
- **Trainers -** Communication Skills/ Soft Skills/ Analytical Skills
  **Foreign Languages -** German/ French/ Spanish/ Chinese/Japanese

**WE OFFER STRONG SUPPORT AND FACILITATION FOR RESEARCH**

- Incentives for research papers indexed in Scopus/WoS
- Travel Grants for National and International conferences
- Seed money for initiation of research work
- Incentives and matching funds for research grants received from Govt. Organizations
- Revenue sharing on Consultancy Projects
- Support for IPR filing and Commercialization
- Incentives for Patent Grant
- Multi-disciplinary Project Grants
- Short and Long Term International Fellowship
- Provision for Post Doc Fellowships
- Research appreciation awards

**Directors/Deputy Directors/Assistant Directors/Officers in the following Areas**

- Distance and Online Education
- Admissions
- Professional Enhancement
- Placements
- Industry Interface
- Social Media
- Digital Marketing
- Media and Public Relations
- Brand Development
- Advertising
- Content Development
- Marketing
- Influencer Marketing
- Alumni Relations
- International Affairs
- Study Abroad
- Planning
- Governance
- Chartered Accountant
- Company Secretary
- Software Development (React, .Net Core, .Net, mvc)
- Mobile Application Developers
- Website
- IT Infrastructure
- Information Technology (IT)
- Human Resource
- Talent Acquisition
- Performance Management
- Rankings & Accreditation
- HR Training
- Library
- Legal
- Legislative Affairs
- Legal Compliances
- Finance & Budgeting
- Administration
- IPR/ Consultancy
- Sponsored Research
- Central Instrumentation Faculty (CIF)
- Youth Affairs
- Arts & Culture
- Sports
- Innovation
- Entrepreneurship
- Construction
- Architecture
- Electrical/ Maintenance
- Housekeeping
- Hospitality
- Resident Medical Officer
- Horticulture & Landscaping
- Procurement
- Hostels (Boys/Girls)
- Fire Officers
- Security & Safety

**Technical Staff-Lab Technicians, Workshop Instructors, Workshop Superintendents etc. in the following disciplines**

- Computer Science /IT
- Mechanical Engineering
- Electronic & Electrical Engineering
- Civil Engineering
- Agriculture
- Bioengineering & Biosciences
- Sciences
- Fashion
- Architecture
- Fine Arts
- Hotel Management
- Pharmacy
- Physiotherapy
- Medical Lab Sciences

**Other Positions**

- Administrators
- Deputy/Assistant Registrars
- Administrative Officers
- Accountants
- PA/PS
- Law Officers
- Chef/ Steward/Kitchen Helper
- Office Assistants
- Computer Operators
- Clinical Psychologists
- Nursing Staff
- Store Officers
- Transport Officers
- Admission Counselors
- Stenos
- Civil Engineers
- SPP -Technicians/ Engineers/ Supervisors
- Land Surveyors
- Structural Engineers
- Architects
- Graphic Designers
- Interior Designers
- House Keeping Supervisors
- Network/ Wi-fi/ Server Support Engg.
- Purchase Officers
- Inventory Officers
- Hostel Wardens (Boys/Girls)
- Coaches for Sports (Olympic Games)
- Cultural Instructors
- Asstt. NCC Officers
- NSS Coordinators
- Library Staff
- Photographers/ Videographers
- Security Supervisors
- Mess Supervisors

**Supporting Staff**

- Peons
- Drivers
- Security Guards (Male/ Female)
- House Keeping Staff (Male/Female)
- Welders
- Plumbers
- Carpenters
- Electricians
- Sewermans
- Masons
- Mason Helpers
- Helpers
- Flex Workers
- Markers
- Fabricators
- Electronics Repair Technicians
- AC Technicians
- Water Cooler Technicians
- Water Filter Technicians
- RO Plant Technicians

Special consideration for researchers with funded projects
**People from industry (in Job or Retired) may also apply for Full Time, Part Time or Visiting Faculty positions.**
Candidates with Ph.D. will be given preference

Facilities Available - Residential, Medical, Transport, Pre-Primary School and Creche
The University reserves the right to not fill any of the above post(s).

Candidates should apply online at www.lpu.in/jobs
Call us at: 01824-520200
(Monday to Saturday) | 9 AM to 5 PM
Jalandhar-Delhi G.T.Road, Phagwara (Punjab)-144411
For more details, visit our website: www.lpu.in
Scan to Apply